SUPREME AUDIT INSTITUTION OF INDIA
लोकहितार्थ सत्यनिष्ठा
Dedicated to Truth in Public Interest

ਪੰਚਾਇਤੀ ਰਾਜ ਸੰਸਥਾਵਾਂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਉੱਤੇ ਸਾਲਾਨਾ ਤਕਨੀਕੀ ਨਿਰੀਖਣ ਰਿਪੋਰਟ ਅਪ੍ਰੈਲ 2019 ਤੋਂ ਮਾਰਚ 2022 ਦੇ ਸਮੇਂ ਲਈ

ਪੰਜਾਬ ਸਰਕਾਰ

ਸਥਾਨਕ ਸਰਕਾਰ ਵਿਭਾਗ ਅਤੇ

ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ

ਪੰਚਾਇਤੀ ਰਾਜ ਸੰਸਥਾਵਾਂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ

ਉੱਤੇ

ਸਾਲਾਨਾ ਤਕਨੀਕੀ ਨਿਰੀਖਣ ਰਿਪੋਰਟ

ਅਪ੍ਰੈਲ 2019 ਤੋਂ ਮਾਰਚ 2022 ਦੇ ਸਮੇਂ ਲਈ

ਪੰਜਾਬ ਸਰਕਾਰ

ਦਫਤਰ ਪ੍ਰਧਾਨ ਮਹਾਂ ਲੇਖਾਕਾਰ (ਲੇਖਾ ਪ੍ਰੀਖਿਆ),
ਪੰਜਾਬ, ਚੰਡੀਗੜ੍ਹ

ਵਿਸ਼ਾ-ਸਾਰਣੀ

ਵੇਰਵੇ	ਹਵਾਲੇ ਵਿੱਚ	
	ਪੈਰ੍ਹਾ	ਪੰਨਾ
ਭੂਮਿਕਾ		v
ਕਾਰਜਕਾਰੀ ਸਾਰ		vii-ix
ਭਾਗ-ਓ: ਪੰਚਾਇਤੀ ਰਾਜ ਸੰਸਥਾਵਾਂ		
ਅਧਿਆਇ-I: ਪੰਚਾਇਤੀ ਰਾਜ ਸੰਸਥਾਵਾਂ ਦੀ ਝਲਕ		
ਪੰਚਾਇਤੀ ਰਾਜ ਸੰਸਥਾਵਾਂ ਦਾ ਪਿਛੋਕੜ	1.1	1
ਪੰਚਾਇਤੀ ਰਾਜ ਸੰਸਥਾਵਾਂ ਦਾ ਸੰਗਠਨਾਤਮਕ ਢਾਂਚਾ	1.2	3
ਵਿੱਤੀ ਪ੍ਰਬੰਧਨ	1.3	7
ਪੀ ਆਰ ਆਈਜ਼ (ਅੰਦਰੂਨੀ ਨਿਯੰਤਰਣ ਪ੍ਰਣਾਲੀ) ਦਾ ਜਵਾਬਦੇਹੀ ਢਾਂਚਾ	1.4	12
ਨਿਰੰਤਰ ਅਨਿਯਮਿਤਤਾਵਾਂ	1.5	16
ਅਧਿਆਇ-II: ਪੰਚਾਇਤੀ ਰਾਜ ਸੰਸਥਾਵਾਂ ਦੀ ਲੇਖਾ ਪ੍ਰੀਖਿਆ ਦੇ ਨਤੀਜੇ		
ਸ਼ਾਮਲਾਟ ਜ਼ਮੀਨ 'ਤੇ ਅਣ-ਅਧਿਕਾਰਤ ਕਬਜ਼ਾ	2.1	17
ਪੰਚਾਇਤ ਸਕੱਤਰਾਂ ਦੀ ਤਨਖਾਹ ਲਈ ਯੋਗਦਾਨ ਜਮ੍ਹਾਂ ਨਾ ਕਰਨਾ	2.2	17
ਦੁਕਾਨਾਂ/ਇਮਾਰਤਾਂ ਦੇ ਕਿਰਾਏ ਦੀ ਵਸੂਲੀ ਨਾ ਕਰਨਾ	2.3	18
ਸਾਬਕਾ ਸਰਪੰਚਾਂ ਵੱਲੋਂ ਨਕਦੀ ਹਵਾਲੇ ਨਾ ਕਰਨਾ	2.4	19
ਮਲਟੀਪਲ ਬੈਂਕ ਖਾਤਿਆਂ ਦਾ ਸੰਚਾਲਨ	2.5	19
ਸਾਲਾਨਾ ਲੇਖੇ ਤਿਆਰ ਨਾ ਕਰਨਾ	2.6	20
ਸਾਲਾਨਾ ਪ੍ਰਸ਼ਾਸਨਿਕ ਰਿਪੋਰਟ ਤਿਆਰ ਨਾ ਕਰਨਾ	2.7	21
ਭਾਗ-ਅ: ਸ਼ਹਿਰੀ ਸਥਾਨਕ ਸੰਸਥਾਵਾਂ		
ਅਧਿਆਇ-III: ਸ਼ਹਿਰੀ ਸਥਾਨਕ ਸੰਸਥਾਵਾਂ ਦੀ ਝਲਕ		
ਸ਼ਹਿਰੀ ਸਥਾਨਕ ਸੰਸਥਾਵਾਂ ਦਾ ਪਿਛੋਕੜ	3.1	23
ਸ਼ਹਿਰੀ ਸਥਾਨਕ ਸੰਸਥਾਵਾਂ ਦਾ ਸੰਗਠਨਾਤਮਕ ਢਾਂਚਾ	3.2	25
ਵਿੱਤੀ ਪ੍ਰਬੰਧਨ	3.3	28
ਪ੍ਰਾਇਮਰੀ ਲੇਖਾ ਪਰੀਖਕ ਦੁਆਰਾ ਸ਼ਹਿਰੀ ਸਥਾਨਕ ਸੰਸਥਾਵਾਂ ਦੀ ਲੇਖਾ ਪ੍ਰੀਖਿਆ	3.4	36

ਵੇਰਵੇ	ਹਵਾਲੇ ਵਿੱਚ	
	ਪੈਰ੍ਹਾ	ਪੰਨਾ
ਈ ਐਲ ਐਫ ਏ ਅਤੇ ਪੀ ਏ ਜੀ (ਲੇਖਾ ਪ੍ਰੀਖਿਆ) ਦੀਆਂ ਲੇਖਾ ਪ੍ਰੀਖਿਆ ਟਿੱਪਣੀਆਂ ਪ੍ਰਤੀ ਹੁੰਗਾਰੇ ਦੀ ਘਾਟ	3.5	37
ਸਥਾਨਕ ਸੰਸਥਾਵਾਂ ਬਾਰੇ ਕਮੇਟੀ ਦੀਆਂ ਸਿਫਾਰਸ਼ਾਂ ਤੇ ਪੈਰਵੀ ਕਾਰਵਾਈ	3.6	38
ਨਿਰੰਤਰ ਅਨਿਯਮਿਤਤਾਵਾਂ	3.7	38
ਅਧਿਆਇ-IV: ਸ਼ਹਿਰੀ ਸਥਾਨਕ ਸੰਸਥਾਵਾਂ ਦੀ ਲੇਖਾ ਪ੍ਰੀਖਿਆ ਦੇ ਨਤੀਜੇ		
ਯੂਜ਼ਰ ਚਾਰਜਿਜ਼ ਦੀ ਵਸੂਲੀ ਨਾ ਕਰਨਾ	4.1	39
ਬਿਜਲੀ ਦੀ ਖਪਤ, ਵਰਤੋਂ ਜਾਂ ਵਿਕਰੀ ਤੇ ਨਗਰਪਾਲਿਕਾ ਕਰ ਦੀ ਵਸੂਲੀ ਨਾ ਕਰਨਾ	4.2	40
ਪੰਜਾਬ ਰਾਜ ਕੈਂਸਰ ਅਤੇ ਨਸ਼ਾ ਮੁਕਤੀ ਇਲਾਜ ਬੁਨਿਆਦੀ ਢਾਂਚਾ ਫੰਡ ਵਿੱਚ ਯੋਗਦਾਨ ਜਮ੍ਹਾਂ ਨਾ ਕਰਨਾ	4.3	40
ਸਾਲਾਨਾ ਲੇਖੇ ਤਿਆਰ ਨਾ ਕਰਨਾ	4.4	41
ਆਰਜ਼ੀ ਪੇਸ਼ਗੀਆਂ ਦਾ ਸਮਾਯੋਜਨ ਨਾ ਕਰਨਾ	4.5	42
ਰੁੱਖਾਂ ਅਤੇ ਸੰਪਤੀਆਂ ਦੇ ਰਜਿਸਟਰ ਦਾ ਰੱਖ-ਰਖਾਅ ਨਾ ਕਰਨਾ	4.6	42
ਸਟੋਰ/ਸਟਾਕ ਦਾ ਭੌਤਿਕ ਤਸਦੀਕ ਨਾ ਕਰਨਾ	4.7	43

ਅੰਤਿਕਾਵਾਂ

ਲੜੀ ਨੰ.	ਵੇਰਵੇ	ਪੰਨੇ ਦੇ ਹਵਾਲੇ ਵਿੱਚ
1.1	2019-20 ਤੋਂ 2022-23 ਦੌਰਾਨ ਨਮੂਨਾ ਲੇਖਾ ਪ੍ਰੀਖਿਆ ਲਈ ਚੁਣੀਆਂ ਗਈਆਂ ਪੀ ਆਰ ਆਈਜ਼ ਦੇ ਵੇਰਵੇ	45
2.1	ਪੰਚਾਇਤ/ਪਿੰਡ ਦੀ ਜ਼ਮੀਨ 'ਤੇ ਅਣ-ਅਧਿਕਾਰਤ ਕਬਜੇ ਦੇ ਵੇਰਵੇ	47
2.2	ਗ੍ਰਾਮ ਪੰਚਾਇਤਾਂ ਤੋਂ ਪੰਚਾਇਤ ਸਕੱਤਰ ਦੀਆਂ ਉਜਰਤਾਂ ਦੀ ਘੱਟ ਉਗਰਾਹੀ ਦੇ ਵੇਰਵੇ	62
2.3	ਦੁਕਾਨਾਂ/ਇਮਾਰਤਾਂ ਦੇ ਕਿਰਾਏ ਦੀ ਗੈਰ-ਵਸੂਲੀ ਦੇ ਵੇਰਵੇ	65
2.4	ਸਾਬਕਾ ਸਰਪੰਚਾਂ ਦੁਆਰਾ ਨਕਦੀ/ਬਕਾਏ ਦੀ ਸੰਭਾਲ ਨਾ ਕਰਨ ਦੇ ਵੇਰਵੇ	68
2.5	ਮਲਟੀਪਲ ਬੈਂਕ ਖਾਤਿਆਂ ਦੇ ਸੰਚਾਲਨ ਦੇ ਵੇਰਵੇ	70
2.6 ੳ	ਈ ਓ ਪੀ ਐਸਜ਼/ਜੈਡ ਪੀਜ਼ ਵੱਲੋਂ ਸਾਲਾਨਾ ਲੇਖੇ ਤਿਆਰ ਨਾ ਕਰਨ ਦੇ ਵੇਰਵੇ	75
2.6 ਅ	ਗ੍ਰਾਮ ਪੰਚਾਇਤਾਂ ਦੁਆਰਾ ਸਾਲਾਨਾ ਲੇਖੇ ਤਿਆਰ ਨਾ ਕਰਨ ਦੇ ਵੇਰਵੇ	77
2.7	ਸਾਲਾਨਾ ਪ੍ਰਸ਼ਾਸਨਿਕ ਰਿਪੋਰਟ ਤਿਆਰ ਨਾ ਕਰਨ ਦੇ ਵੇਰਵੇ	84
3.1	2019-20 ਤੋਂ 2022-23 ਦੌਰਾਨ ਨਮੂਨਾ ਲੇਖਾ ਪ੍ਰੀਖਿਆ ਲਈ ਚੁਣੀਆਂ ਗਈਆਂ ਯੂ ਐਲ ਬੀਜ਼ ਦੇ ਵੇਰਵੇ	86
3.2	ਯੂ ਐਲ ਬੀਜ਼ ਨਾਲ ਸਬੰਧਤ ਪਿਛਲੀਆਂ ਏ ਟੀ ਆਈ ਆਰਜ਼ ਦੇ ਪੈਰ੍ਹਿਆਂ ਦੇ ਵੇਰਵੇ, ਜੋ 31 ਮਾਰਚ 2023 ਨੂੰ ਐਲ ਬੀਜ਼ ਅਤੇ ਪੀ ਆਰ ਆਈਜ਼ 'ਤੇ ਕਮੇਟੀ ਦੁਆਰਾ ਬਕਾਇਆ ਰੱਖੇ ਗਏ ਸਨ	89
4.1 ੳ	ਜਲ ਸਪਲਾਈ ਅਤੇ ਸੀਵਰੇਜ਼ ਚਾਰਜਿਜ਼ ਦੇ ਬਕਾਏ ਨੂੰ ਦਰਸਾਉਂਦੀ ਵਿਵਰਣੀ	90
4.1 ਅ	ਬਕਾਇਆ ਹਾਊਸ ਟੈਕਸ ਨੂੰ ਦਰਸਾਉਂਦੀ ਵਿਵਰਣੀ	92
4.1 ੲ	ਬਕਾਇਆ ਸੰਪਤੀ ਕਰ ਨੂੰ ਦਰਸਾਉਂਦੀ ਵਿਵਰਣੀ	94
4.1 ਸ	ਦੁਕਾਨਾਂ/ਇਮਾਰਤਾਂ ਦੇ ਬਕਾਇਆ ਕਿਰਾਏ ਨੂੰ ਦਰਸਾਉਂਦੀ ਵਿਵਰਣੀ	98
4.1 ਹ	ਬਕਾਇਆ ਮੋਬਾਇਲ ਟਾਵਰ ਚਾਰਜਿਜ਼ ਨੂੰ ਦਰਸਾਉਂਦੀ ਵਿਵਰਣੀ	102

4.2	ਬਿਜਲੀ ਦੀ ਵਿਕਰੀ 'ਤੇ ਬਕਾਇਆ ਮਿਊਂਸਪਲ ਕਰ ਨੂੰ ਦਰਸਾਉਂਦੀ ਵਿਵਰਣੀ	106
4.3	ਪੰਜਾਬ ਰਾਜ ਕੈਂਸਰ ਅਤੇ ਨਸ਼ਾ ਮੁਕਤੀ ਇਲਾਜ ਬੁਨਿਆਦੀ ਢਾਂਚਾ ਫੰਡ ਵਿੱਚ ਯੋਗਦਾਨ ਜਮ੍ਹਾਂ ਨਾ ਕਰਨਾ	107
4.4	ਸਾਲਾਨਾ ਲੇਖੇ ਤਿਆਰ ਨਾ ਕਰਨ ਨੂੰ ਦਰਸਾਉਂਦੀ ਵਿਵਰਣੀ	112
4.5	ਬਕਾਇਆ ਆਰਜ਼ੀ ਪੇਸ਼ਗੀਆਂ ਨੂੰ ਦਰਸਾਉਂਦੀ ਵਿਵਰਣੀ	114
4.6	ਰੁੱਖਾਂ ਅਤੇ ਸੰਪਤੀਆਂ ਦੇ ਡਾਟਾਬੇਸ ਦੇ ਰਜਿਸਟਰ ਦਾ ਰੱਖ-ਰਖਾਅ ਨਾ ਕਰਨ ਨੂੰ ਦਰਸਾਉਂਦੀ ਵਿਵਰਣੀ	115
4.7	ਸਟੋਰ ਅਤੇ ਸਟਾਕ ਦੇ ਭੌਤਿਕ ਤਸਦੀਕ ਦੇ ਗੈਰ-ਸੰਚਾਲਨ ਨੂੰ ਦਰਸਾਉਂਦੀ ਵਿਵਰਣੀ	116

ਭੂਮਿਕਾ

ਅਪ੍ਰੈਲ 2019 ਤੋਂ ਮਾਰਚ 2022 ਦੇ ਸਮੇਂ ਲਈ ਇਹ ਰਿਪੋਰਟ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੇ (ਕਰੱਤਵ, ਸ਼ਕਤੀਆਂ ਅਤੇ ਸੇਵਾ ਸ਼ਰਤਾਂ) ਐਕਟ, 1971 ਦੀ ਧਾਰਾ 20(1) ਅਧੀਨ ਪੰਚਾਇਤੀ ਰਾਜ ਸੰਸਥਾਵਾਂ (ਪੀ ਆਰ ਆਈਜ਼) ਅਤੇ ਸ਼ਹਿਰੀ ਸਥਾਨਕ ਸੰਸਥਾਵਾਂ (ਯੂ ਐਲ ਬੀਜ਼) ਦੀ ਲੇਖਾ ਪ੍ਰੀਖਿਆ ਲਈ ਤਕਨੀਕੀ ਮਾਰਗਦਰਸ਼ਨ ਅਤੇ ਸਹਾਇਤਾ ਦੇ ਰੂਪ ਵਿੱਚ ਪੰਜਾਬ ਸਰਕਾਰ ਨੂੰ ਪੇਸ਼ ਕਰਨ ਲਈ ਤਿਆਰ ਕੀਤੀ ਗਈ ਹੈ।

ਇਸ ਰਿਪੋਰਟ ਵਿੱਚ ਸਬੰਧਤ ਵਿਭਾਗਾਂ ਸਮੇਤ ਰਾਜ ਵਿੱਚ ਪੀ ਆਰ ਆਈਜ਼ ਅਤੇ ਯੂ ਐਲ ਬੀਜ਼ ਦੀ ਲੇਖਾ ਪ੍ਰੀਖਿਆ ਦੇ ਨਤੀਜੇ ਸ਼ਾਮਲ ਹਨ।

2019-20 ਤੋਂ 2022-23 ਦੌਰਾਨ ਕੀਤੀ ਗਈ ਨਮੂਨਾ ਲੇਖਾ ਪ੍ਰੀਖਿਆ ਦੇ ਸਮੇਂ ਧਿਆਨ ਵਿੱਚ ਆਏ ਮਾਮਲੇ ਅਤੇ ਇਸਦੇ ਨਾਲ-ਨਾਲ ਉਹ ਮਾਮਲੇ ਜਿਹੜੇ ਕਿ ਪਹਿਲੇ ਸਾਲਾਂ ਦੌਰਾਨ ਧਿਆਨ ਵਿੱਚ ਆਏ ਸਨ ਪ੍ਰੰਤੂ ਪਿਛਲੇ ਸਾਲਾਂ ਦੀਆਂ ਰਿਪੋਰਟਾਂ ਵਿੱਚ ਸ਼ਾਮਲ ਨਹੀਂ ਕੀਤੇ ਜਾ ਸਕੇ ਸਨ, ਜਿਥੇ ਕਿਤੇ ਜਰੂਰੀ ਸੀ, ਵੀ ਸ਼ਾਮਲ ਕੀਤੇ ਗਏ ਹਨ।

ਲੇਖਾ ਪ੍ਰੀਖਿਆ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੁਆਰਾ ਜਾਰੀ ਕੀਤੇ ਗਏ ਲੇਖਾ ਪ੍ਰੀਖਿਆ ਮਿਆਰਾਂ ਦੇ ਅਨੁਸਾਰ ਕੀਤੀ ਗਈ ਹੈ।

ਜੇਕਰ ਅਨੁਵਾਦ ਕੀਤੇ ਕਥਨ ਵਿੱਚ ਸੰਦੇਹ ਹੋਵੇ, ਅੰਗਰੇਜ਼ੀ ਕਥਨ ਨੂੰ ਪ੍ਰਮਾਣਿਕ ਮੰਨਿਆ ਜਾਵੇ ਜੀ।

ਕਾਰਜਕਾਰੀ ਸਾਰ

ਕਾਰਜਕਾਰੀ ਸਾਰ

ਇਸ ਰਿਪੋਰਟ ਵਿੱਚ ਚਾਰ ਅਧਿਆਇ ਵਾਲੇ ਦੋ ਭਾਗ ਹਨ। ਅਧਿਆਇ I ਅਤੇ II ਪੰਚਾਇਤੀ ਰਾਜ ਸੰਸਥਾਵਾਂ (ਪੀ ਆਰ ਆਈਜ਼) ਅਤੇ ਅਧਿਆਇ III ਅਤੇ IV ਸ਼ਹਿਰੀ ਸਥਾਨਕ ਸੰਸਥਾਵਾਂ (ਯੂ ਐਲ ਬੀਜ਼) ਨਾਲ ਸਬੰਧਤ ਹਨ। ਲੇਖਾ ਪ੍ਰੀਖਿਆ ਲੱਭਤਾਂ ਦਾ ਸੰਖੇਪ ਇਸ ਕਾਰਜਕਾਰੀ ਸਾਰ ਵਿੱਚ ਪੇਸ਼ ਕੀਤਾ ਗਿਆ ਹੈ।

ਭਾਗ-ੳ: ਪੰਚਾਇਤੀ ਰਾਜ ਸੰਸਥਾਵਾਂ

ਸੰਵਿਧਾਨ (ਚੌਹਤਰਵੀਂ ਸੋਧ) ਐਕਟ, 1992 ਦੇ ਅਧੀਨ ਉਪਬੰਧਾਂ ਦੇ ਅਨੁਸਾਰ, ਇਕ ਤਿੰਨ ਪੱਧਰੀ ਪੰਚਾਇਤੀ ਰਾਜ ਪ੍ਰਣਾਲੀ ਦਾ ਢਾਂਚਾ ਜਿਵੇਂ ਕਿ ਪੰਜਾਬ ਪੰਚਾਇਤੀ ਰਾਜ ਐਕਟ, 1994 ਅਧੀਨ ਪਿੰਡ ਪੱਧਰ ਤੇ ਗ੍ਰਾਮ ਪੰਚਾਇਤ, ਬਲਾਕ ਪੱਧਰ ਤੇ ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪੱਧਰ ਤੇ ਜ਼ਿਲ੍ਹਾ ਪ੍ਰੀਸ਼ਦ ਦੀ ਸਥਾਪਨਾ ਕੀਤੀ ਗਈ ਸੀ।

ਅਧਿਆਇ-I: ਪੰਚਾਇਤੀ ਰਾਜ ਸੰਸਥਾਵਾਂ ਦੀ ਝਲਕ

- 31 ਮਾਰਚ 2022 ਤੱਕ, ਰਾਜ ਵਿੱਚ 22 ਜ਼ਿਲ੍ਹਾ ਪ੍ਰੀਸ਼ਦਾਂ, 153 ਪੰਚਾਇਤ ਸੰਮਤੀਆਂ ਅਤੇ 13,262 ਗ੍ਰਾਮ ਪੰਚਾਇਤਾਂ ਮੌਜੂਦ ਸਨ।
- ਸੰਵਿਧਾਨ (73$^{ਵੀਂ}$ ਸੋਧ) ਐਕਟ, 1992 ਵਿੱਚ 29 ਕਾਰਜਾਂ (ਭਾਰਤ ਦੇ ਸੰਵਿਧਾਨ ਦੀ ਗਿਆਰਵੀਂ ਅਨੁਸੂਚੀ ਵਿੱਚ ਸ਼ਾਮਲ) ਨੂੰ ਪੀ ਆਰ ਆਈਜ਼ ਨੂੰ ਸੌਂਪਣ ਦੀ ਕਲਪਨਾ ਕੀਤੀ ਗਈ ਸੀ। ਇਨ੍ਹਾਂ ਵਿੱਚੋਂ, ਸਿਰਫ 13 ਕਾਰਜ ਸੌਂਪੇ ਗਏ ਹਨ।
- ਪੰਜਾਬ ਸਰਕਾਰ ਵੱਲੋਂ ਪੀ ਆਰ ਆਈਜ਼ ਨੂੰ ਕੇਂਦਰੀ ਵਿੱਤ ਕਮਿਸ਼ਨ ਗ੍ਰਾਂਟਾਂ ਟਰਾਂਸਫਰ ਕਰਨ ਵਿੱਚ ਤਿੰਨ ਤੋਂ 252 ਦਿਨਾਂ ਦੀ ਦੇਰੀ ਹੋਈ ਸੀ ਜਿਸ ਲਈ ਰਾਜ ਸਰਕਾਰ ਨੂੰ ਨਿਰਧਾਰਤ ਦਰ ਤੇ ਬਚਣਯੋਗ ਵਿਆਜ ਦਾ ਭੁਗਤਾਨ ਕਰਨਾ ਪਿਆ ਸੀ।
- ਪੀ ਆਰ ਆਈਜ਼ ਦੁਆਰਾ ਵੱਖ-ਵੱਖ ਕੇਂਦਰੀ ਪ੍ਰਾਯੋਜਿਤ/ਰਾਜ ਸਕੀਮਾਂ ਅਧੀਨ ਪ੍ਰਾਪਤ ਫੰਡਾਂ ਦੀ ਘੱਟ ਵਰਤੋਂ ਕੀਤੀ ਗਈ ਸੀ ਜੋ ਕਿ ਪੰਜ *ਪ੍ਰਤੀਸ਼ਤ* ਅਤੇ 94 *ਪ੍ਰਤੀਸ਼ਤ* ਦੀ ਰੇਜ਼ ਵਿਚਕਾਰ ਸੀ।
- ਪੀ ਆਰ ਆਈਜ਼ ਵਿੱਚ ਸਟਾਫ ਦੀ ਕਮੀ 2019-20 ਵਿੱਚ 29 *ਪ੍ਰਤੀਸ਼ਤ* ਤੋਂ ਵਧ ਕੇ 2021-22 ਵਿੱਚ 41 *ਪ੍ਰਤੀਸ਼ਤ* ਹੋ ਗਈ।

ਅਧਿਆਇ-II: ਪੰਚਾਇਤੀ ਰਾਜ ਸੰਸਥਾਵਾਂ ਦੀ ਲੇਖਾ ਪ੍ਰੀਖਿਆ ਦੇ ਨਤੀਜੇ

- ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਨੇ ਅਣਅਧਿਕਾਰਤ ਵਿਅਕਤੀਆਂ ਨੂੰ ਬਾਹਰ ਕੱਢਣ ਅਤੇ ਅਣਅਧਿਕਾਰਤ ਤੌਰ ਤੇ ਕਬਜ਼ੇ ਵਾਲੇ ਜਨਤਕ ਪਰੀਸਰ ਦਾ ਕਬਜ਼ਾ ਲੈਣ ਲਈ ਸਮੇਂ ਸਮੇਂ

ਤੇ ਹਦਾਇਤਾਂ ਜਾਰੀ ਕੀਤੀਆਂ। 507 ਜੀ ਪੀਜ਼ ਵਿੱਚ 31,455 ਏਕੜ ਅਤੇ 19 ਮਰਲੇ ਜ਼ਮੀਨ ਅਣਅਧਿਕਾਰਤ ਕਬਜ਼ੇ ਹੇਠ ਸੀ।

- ਦੁਕਾਨਾਂ ਤੋਂ ਬਕਾਇਆ ਕਿਰਾਏ ਵਜੋਂ ₹ 16.73 ਕਰੋੜ ਦੀ ਰਾਸ਼ੀ ਵਸੂਲੀ ਲਈ ਬਕਾਇਆ ਸੀ।
- 816 ਜੀ ਪੀਜ਼ ਨੇ ਪੰਚਾਇਤ ਸਕੱਤਰਾਂ ਦੀ ਤਨਖਾਹ ਵਜੋਂ ਆਪਣਾ ਹਿੱਸਾ (₹ 7.75 ਕਰੋੜ) ਸਬੰਧਤ ਈ ਓ ਪੀ ਐਸਜ਼ ਕੋਲ ਜਮ੍ਹਾਂ ਨਹੀਂ ਕਰਵਾਏ।
- 66 ਜੀ ਪੀਜ਼ ਦੇ ਸਾਬਕਾ ਸਰਪੰਚਾਂ ਨੇ ਜੀ ਪੀਜ਼ ਨਾਲ ਸਬੰਧਤ ₹ 2.43 ਕਰੋੜ ਦੀ ਨਕਦੀ ਸਬੰਧਤ ਈ ਓ ਪੀ ਐਸਜ਼ ਨੂੰ ਨਹੀਂ ਸੌਂਪੀ।

ਭਾਗ-ਅ: ਸ਼ਹਿਰੀ ਸਥਾਨਕ ਸੰਸਥਾਵਾਂ

ਪੰਜਾਬ ਸਰਕਾਰ ਨੇ ਪੰਜਾਬ ਐਕਟ, 1911 ਰਾਹੀਂ ਸ਼ਹਿਰੀ ਸਥਾਨਕ ਸੰਸਥਾਵਾਂ (ਯੂ ਐਲ ਬੀ) ਦੀ ਪ੍ਰਣਾਲੀ ਲਾਗੂ ਕੀਤੀ। ਇਸ ਦਾ ਉਦੇਸ਼ ਯੂ ਐਲ ਬੀਜ਼ ਨੂੰ ਆਤਮ ਨਿਰਭਰ ਬਣਾਉਣਾ ਅਤੇ ਉਨ੍ਹਾਂ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਲੋਕਾਂ ਨੂੰ ਬਿਹਤਰ ਨਾਗਰਿਕ ਸਹੂਲਤਾਂ ਮੁਹੱਈਆ ਕਰਨਾ ਸੀ। 74$^{ਵੀਂ}$ ਸੰਵਿਧਾਨਕ ਸੋਧ ਨੇ ਯੂ ਐਲ ਬੀਜ਼ ਨੂੰ ਸ਼ਕਤੀਆਂ ਦੇ ਵਿਕੇਂਦਰੀਕਰਣ ਹੋਰ ਕਾਰਜਾਂ ਅਤੇ ਫੰਡਾਂ ਦੇ ਤਬਾਦਲੇ ਅਤੇ ਸਪੁਰਦਗੀ ਦਾ ਰਾਹ ਪੱਧਰਾ ਕੀਤਾ।

ਅਧਿਆਇ-III: ਸ਼ਹਿਰੀ ਸਥਾਨਕ ਸੰਸਥਾਵਾਂ ਦੀ ਝਲਕ

- ਮਾਰਚ 2022 ਤੱਕ ਪੰਜਾਬ ਵਿੱਚ 13 ਨਗਰ ਨਿਗਮ, 101 ਨਗਰ ਕੌਂਸਲਾਂ ਅਤੇ 52 ਨਗਰ ਪੰਚਾਇਤਾਂ ਸਨ।
- ਸੰਵਿਧਾਨ (74$^{ਵੀਂ}$ ਸੋਧ) ਐਕਟ, 1992 ਵਿੱਚ 18 ਕਾਰਜਾਂ (ਭਾਰਤ ਦੇ ਸੰਵਿਧਾਨ ਦੀ ਬਾਰ੍ਹਵੀਂ ਅਨੁਸੂਚੀ ਵਿੱਚ ਸ਼ਾਮਲ) ਨੂੰ ਯੂ ਐਲ ਬੀਜ਼ ਨੂੰ ਸੌਂਪਣ ਦੀ ਕਲਪਨਾ ਕੀਤੀ ਗਈ ਸੀ। ਪੰਜਾਬ ਸਰਕਾਰ ਨੇ ਪੰਜਾਬ ਮਿਉਂਸਪਲ ਐਕਟ, 1911 ਦੀ ਧਾਰਾ 50-ਬੀ ਅਧੀਨ ਸਾਰੇ 18 ਕਾਰਜ ਯੂ ਐਲ ਬੀਜ਼ ਨੂੰ ਸੌਂਪੇ ਹਨ ਜੋ ਰਾਜ ਸਰਕਾਰ ਦੁਆਰਾ ਨੋਟੀਫਿਕੇਸ਼ਨ ਜਾਰੀ ਕੀਤੇ ਜਾਣ ਦੇ ਅਧੀਨ ਸਨ ਤਾਂ ਜੋ ਨਗਰ ਪਾਲਿਕਾਵਾਂ ਨੂੰ ਅਜਿਹੀਆਂ ਸ਼ਕਤੀਆਂ ਅਤੇ ਅਥਾਰਟੀਆਂ ਦਿੱਤੀਆਂ ਜਾ ਸਕਣ ਜੋ ਉਨ੍ਹਾਂ ਨੂੰ ਸਵੈ-ਸਰਕਾਰ ਦੀ ਸੰਸਥਾਵਾਂ ਵਜੋਂ ਕੰਮ ਕਰਨ ਦੇ ਯੋਗ ਬਣਾਉਣ ਲਈ ਲੋੜੀਂਦੀਆਂ ਹੋ ਸਕਦੀਆਂ ਹਨ। ਹਾਲਾਂਕਿ, ਇਹ ਵੇਖਿਆ ਗਿਆ ਸੀ ਕਿ ਕਾਰਜਾਂ ਦੀ ਸਪੁਰਦਗੀ ਬਾਰੇ ਨੋਟੀਫਿਕੇਸ਼ਨ ਰਾਜ ਸਰਕਾਰ ਦੁਆਰਾ ਜਾਰੀ ਨਹੀਂ ਕੀਤਾ ਗਿਆ ਸੀ (ਦਸੰਬਰ 2023) ਅਤੇ ਯੂ ਐਲ ਬੀਜ਼ ਉਹ ਕੰਮ ਕਰ ਰਹੇ ਸਨ ਜੋ ਉਨ੍ਹਾਂ ਨੂੰ 74$^{ਵੇਂ}$ ਸੰਵਿਧਾਨ ਸੋਧ ਐਕਟ ਤੋਂ ਪਹਿਲਾਂ ਹੀ ਸੌਂਪੇ ਗਏ ਸਨ।
- ਸਟਾਫ ਦੀ ਕਮੀ 34 *ਪ੍ਰਤੀਸ਼ਤ* ਅਤੇ 44 *ਪ੍ਰਤੀਸ਼ਤ* ਦੀ ਰੇਂਜ਼ ਵਿਚਕਾਰ ਸੀ।

- ਸਾਲ 2019-20 ਦੌਰਾਨ ਪੰਜਾਬ ਸਰਕਾਰ ਵੱਲੋਂ ਯੂ ਐਲ ਬੀਜ਼ ਨੂੰ ਸੀ ਐਫ ਸੀ ਮੂਲ ਗ੍ਰਾਂਟ ਨੂੰ ਟਰਾਂਸਫਰ ਕਰਨ ਵਿੱਚ 157 ਦਿਨਾਂ ਦੀ ਦੇਰੀ ਹੋਈ ਸੀ ਜਿਸ ਲਈ ਰਾਜ ਸਰਕਾਰ ਵੱਲੋਂ ਨਿਰਧਾਰਤ ਦਰ ਅਨੁਸਾਰ ₹ 5.56 ਕਰੋੜ ਦਾ ਬਚਣਯੋਗ ਵਿਆਜ ਅਦਾ ਕੀਤਾ ਗਿਆ ਸੀ।

ਅਧਿਆਇ-IV: ਸ਼ਹਿਰੀ ਸਥਾਨਕ ਸੰਸਥਾਵਾਂ ਦੀ ਲੇਖਾ ਪ੍ਰੀਖਿਆ ਦੇ ਨਤੀਜੇ

- ਜਲ ਸਪਲਾਈ ਅਤੇ ਸੀਵਰੇਜ ਚਾਰਜਿਜ਼, ਹਾਊਸ ਟੈਕਸ, ਪ੍ਰਾਪਰਟੀ ਟੈਕਸ, ਦੁਕਾਨਾਂ/ਇਮਾਰਤਾਂ ਦਾ ਕਿਰਾਇਆ ਅਤੇ ਮੋਬਾਈਲ ਟਾਵਰ ਚਾਰਜਿਜ਼ ਦੇ ₹ 510.56 ਕਰੋੜ ਦੇ ਯੂਜ਼ਰ ਚਾਰਜਿਜ਼ ਵਸੂਲੀ ਲਈ ਬਕਾਇਆ ਸਨ।

- ਯੂ ਐਲ ਬੀਜ਼ ਨੂੰ ਆਪਣੇ ਦੁਆਰਾ ਇਕੱਤਰ ਕੀਤੇ ਪ੍ਰਾਪਰਟੀ ਕਰ ਦਾ ਦੋ *ਪ੍ਰਤੀਸ਼ਤ* ਪੰਜਾਬ ਰਾਜ ਕੈਂਸਰ ਅਤੇ ਨਸ਼ਾ ਮੁਕਤੀ ਇਲਾਜ ਬੁਨਿਆਦੀ ਢਾਂਚਾ ਫੰਡ ਵਿੱਚ ਯੋਗਦਾਨ ਪਾਉਣਾ ਲੋੜੀਂਦਾ ਹੈ। ਹਾਲਾਂਕਿ, ਇਹ ਵੇਖਿਆ ਗਿਆ ਸੀ ਕਿ 137 ਯੂ ਐਲ ਬੀਜ਼ ਵੱਲੋਂ ₹ 10.77 ਕਰੋੜ ਦਾ ਯੋਗਦਾਨ ਘੱਟ ਜਮ੍ਹਾਂ ਕੀਤਾ ਗਿਆ ਸੀ।

ਭਾਗ-ਓ

ਪੰਚਾਇਤੀ ਰਾਜ ਸੰਸਥਾਵਾਂ

ਅਧਿਆਇ-I

ਪੰਚਾਇਤੀ ਰਾਜ ਸੰਸਥਾਵਾਂ ਦੀ ਝਲਕ

ਅਧਿਆਇ-I

ਪੰਚਾਇਤੀ ਰਾਜ ਸੰਸਥਾਵਾਂ ਦੀ ਝਲਕ

1.1 ਪੰਚਾਇਤੀ ਰਾਜ ਸੰਸਥਾਵਾਂ ਦਾ ਪਿਛੋਕੜ

ਸੰਵਿਧਾਨ ਦੇ (ਤਿਹੱਤਰਵੀਂ ਸੋਧ) ਐਕਟ, 1992 ਨੇ ਪੰਚਾਇਤੀ ਰਾਜ ਸੰਸਥਾਵਾਂ (ਪੀ ਆਰ ਆਈਜ਼) ਨੂੰ ਸੰਵਿਧਾਨਕ ਦਰਜਾ ਦਿੱਤਾ ਅਤੇ ਪਿੰਡ ਪੱਧਰ 'ਤੇ ਗ੍ਰਾਮ ਪੰਚਾਇਤ (ਜੀ ਪੀ), ਬਲਾਕ ਪੱਧਰ 'ਤੇ ਪੰਚਾਇਤ ਸੰਮਤੀ (ਪੀ ਐਸ) ਅਤੇ ਜ਼ਿਲ੍ਹਾ ਪਧੱਰ 'ਤੇ ਜ਼ਿਲ੍ਹਾ ਪ੍ਰੀਸ਼ਦ (ਜ਼ੈਡ ਪੀ) ਨਾਮਕ ਤਿੰਨ ਪੱਧਰੀ ਢਾਂਚੇ ਦੀ ਸਥਾਪਨਾ ਕੀਤੀ। ਇਸ ਤੇ ਅਮਲ ਕਰਨ ਲਈ ਰਾਜਾਂ ਵਲੋਂ ਇਨ੍ਹਾਂ ਸੰਸਥਾਵਾਂ ਨੂੰ ਅਜਿਹੀਆਂ ਸ਼ਕਤੀਆਂ, ਕੰਮ ਅਤੇ ਜ਼ਿੰਮੇਵਾਰੀਆਂ ਸੌਂਪੀਆਂ ਜਾਣੀਆਂ ਸਨ ਤਾਂ ਜੋ ਇਨ੍ਹਾਂ ਨੂੰ ਸਵੈ-ਸਰਕਾਰ ਸੰਸਥਾਵਾਂ ਦੀ ਤਰ੍ਹਾਂ ਕੰਮ ਕਰਨ ਦੇ ਯੋਗ ਬਣਾਇਆ ਜਾ ਸਕੇ। ਪੀ ਆਰ ਆਈਜ਼ ਨੇ ਵਿਸ਼ੇਸ਼ ਕਰਕੇ ਆਰਥਿਕ ਵਿਕਾਸ ਅਤੇ ਸਮਾਜਿਕ ਨਿਆਂ ਲਈ ਸੰਵਿਧਾਨ ਦੀ ਗਿਆਰਵੀਂ ਸੂਚੀ ਵਿੱਚ ਦਰਸਾਏ ਕੰਮਾਂ ਅਨੁਸਾਰ ਯੋਜਨਾਵਾਂ ਬਣਾਉਣੀਆਂ ਸਨ।

ਇਸ ਅਨੁਸਾਰ, ਪੰਜਾਬ ਪੰਚਾਇਤੀ ਰਾਜ ਐਕਟ, 1994 ਅਧੀਨ ਪਿੰਡ, ਬਲਾਕ ਅਤੇ ਜ਼ਿਲ੍ਹਾ ਪੱਧਰ ਤੇ ਚੁਣੀਆ ਹੋਈਆਂ ਸੰਸਥਾਵਾਂ ਨਾਲ ਤਿੰਨ ਪੱਧਰੀ ਪੰਚਾਇਤੀ ਰਾਜ ਪ੍ਰਣਾਲੀ ਦੀ ਸਥਾਪਨਾ ਕੀਤੀ ਗਈ ਸੀ। ਪੀ ਐਸਜ਼ ਅਤੇ ਜ਼ੈਡ ਪੀਜ਼ ਦੀਆਂ ਪਿਛਲੀਆਂ ਚੋਣਾਂ ਸਤੰਬਰ 2018 ਵਿੱਚ ਅਤੇ ਜੀ ਪੀਜ਼ ਦੀਆਂ ਪਿਛਲੀਆਂ ਚੋਣਾਂ ਦਸੰਬਰ 2018 ਹੋਈਆਂ ਸਨ।

1.1.1 ਲੇਖਾ ਪ੍ਰੀਖਿਆ ਦਾ ਅਧਿਕਾਰ

ਤੇਰ੍ਹਵੇਂ ਵਿੱਤ ਕਮਿਸ਼ਨ (ਟੀ ਐਫ ਸੀ) ਨੇ ਸਿਫਾਰਸ਼ ਕੀਤੀ ਕਿ ਰਾਜ ਸਰਕਾਰ ਪੰਚਾਇਤੀ ਰਾਜ ਸੰਸਥਾਵਾਂ ਦੇ ਸਾਰੇ ਤਿੰਨਾਂ ਪੱਧਰਾਂ ਲਈ ਇਕ ਲੇਖਾ ਪ੍ਰੀਖਿਆ ਪ੍ਰਣਾਲੀ ਜਰੂਰ ਸਥਾਪਤ ਕਰੇ। ਚੌਦ੍ਹਵੇਂ ਵਿੱਤ ਕਮਿਸ਼ਨ (ਐਫ ਐਫ ਸੀ) ਨੇ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ (ਸੀ ਏ ਜੀ) ਦੁਆਰਾ ਤਕਨੀਕੀ ਮਾਰਗਦਰਸ਼ਨ ਅਤੇ ਸਹਾਇਤਾ (ਟੀ ਜੀ ਐਸ) ਵਿਵਸਥਾ ਨੂੰ ਜਾਰੀ ਰੱਖਣ ਦੀ ਸਿਫਾਰਸ਼ ਕੀਤੀ। ਵਿੱਤੀ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਅਧਾਰ ਤੇ ਰਾਜ ਸਰਕਾਰ ਨੇ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ (ਸੀ ਏ ਜੀ) ਦੇ (ਕਰਤੱਵ, ਸ਼ਕਤੀਆਂ ਅਤੇ ਸੇਵਾ ਸ਼ਰਤਾਂ) ਐਕਟ, 1971 ਦੀ ਧਾਰਾ 20 (1) ਅਧੀਨ ਪੰਚਾਇਤੀ ਰਾਜ ਸੰਸਥਾਵਾਂ ਦੀ ਨਮੂਨਾ ਲੇਖਾ ਪ੍ਰੀਖਿਆ ਕਰਨ ਅਤੇ ਨਿਰੀਖਕ, ਸਥਾਨਕ ਫੰਡ ਲੇਖੇ, ਪੰਜਾਬ (ਈ ਐਲ ਐਫ ਏ) ਜੋ ਸਥਾਨਕ ਸੰਸਥਾਵਾਂ (ਸ਼ਹਿਰੀ ਸਥਾਨਕ ਸੰਸਥਾਵਾਂ/ਪੰਚਾਇਤੀ ਰਾਜ ਸੰਸਥਾਵਾਂ) ਦੀ ਲੇਖਾ ਪ੍ਰੀਖਿਆ ਦੇ ਸਬੰਧ ਵਿੱਚ ਕਾਨੂੰਨੀ ਲੇਖਾ ਪਰੀਖਿਕ ਹੈ, ਦੇ ਕੰਮ ਉੱਤੇ ਤਕਨੀਕੀ ਅਗਵਾਈ ਅਤੇ ਸਹਾਇਤਾ ਟੀ ਜੀ ਐਸ ਪ੍ਰਦਾਨ ਕਰਨ ਦਾ ਕੰਮ ਸੌਂਪਿਆ (ਅਗਸਤ 2011, ਅਗਸਤ 2016 ਅਤੇ ਮਾਰਚ 2022)।

ਪੰਜਾਬ ਰਾਜ ਵਿੱਚ 31 ਮਾਰਚ 2022 ਨੂੰ 22 ਜ਼ਿਲ੍ਹਾ ਪ੍ਰੀਸ਼ਦ (ਜ਼ੈਡ ਪੀਜ਼), 153 ਪੰਚਾਇਤ ਸੰਮਤੀਆਂ (ਪੀ ਐਸਜ਼) ਅਤੇ 13,262 ਗ੍ਰਾਮ ਪੰਚਾਇਤਾਂ (ਜੀ ਪੀਜ਼) ਮੌਜੂਦ ਸਨ। 2019-2023 ਦੇ ਸਮੇਂ

ਦੌਰਾਨ 1,594 ਪੀ ਆਰ ਆਈਜ਼[1] ਭਾਵ 23 ਜ਼ੈਡ ਪੀਜ਼, 151 ਪੀ ਐਸਜ਼ ਅਤੇ 1,420 ਜੀ ਪੀਜ਼ ***(ਅੰਤਿਕਾ 1.1)*** ਦੀ ਲੇਖਾ ਪ੍ਰੀਖਿਆ ਕੀਤੀ ਗਈ ਸੀ। ਕਿਉਂਕਿ ਜੀ ਪੀਜ਼ ਨੂੰ ਕੋਈ ਵੱਖਰੀ ਨਿਰੀਖਣ ਰਿਪੋਰਟ (ਆਈ ਆਰਜ਼) ਜਾਰੀ ਨਹੀਂ ਕੀਤੀ ਗਈ ਸੀ, ਇਸ ਲਈ ਜੀ ਪੀਜ਼ ਨਾਲ ਸਬੰਧਤ ਪੈਰ੍ਹਿਆਂ ਨੂੰ ਸਬੰਧਤ ਪੀ ਐਸਜ਼ ਦੀ ਆਈ ਆਰਜ਼ ਵਿੱਚ ਸ਼ਾਮਲ ਕੀਤਾ ਗਿਆ ਸੀ।

1.1.2 ਪੰਚਾਇਤੀ ਰਾਜ ਸੰਸਥਾਵਾਂ ਵਿੱਚ ਲੇਖਾ ਪ੍ਰਣਾਲੀ

ਜ਼ੈਡ ਪੀ ਦੇ ਲੇਖੇ ਰੱਖਣ ਦੀ ਜਿੰਮੇਵਾਰੀ ਲੇਖਾ ਅਫਸਰ ਦੇ ਸਹਿਯੋਗ ਨਾਲ ਮੁੱਖ ਕਾਰਜਸਾਧਕ ਅਫਸਰ (ਸੀ ਈ ਓ) ਦੀ ਹੈ। ਪੰਚਾਇਤ ਸੰਮਤੀ (ਪੀ ਐਸ) ਦੇ ਲੇਖੇ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ-ਕਮ-ਕਾਰਜਸਾਧਕ ਅਫਸਰ (ਬੀ ਡੀ ਪੀ ਓ-ਕਮ-ਈ ਓ) ਰੱਖਦਾ ਹੈ, ਜਦੋਂਕਿ ਗ੍ਰਾਮ ਪੰਚਾਇਤ (ਜੀ ਪੀ) ਦੇ ਲੇਖੇ, ਗ੍ਰਾਮ ਸਚਿਵ/ਪੰਚਾਇਤ ਸਕੱਤਰ ਰੱਖਦਾ ਹੈ। ਜ਼ਿਲ੍ਹਾ ਪ੍ਰੀਸ਼ਦਾਂ, ਪੰਚਾਇਤ ਸੰਮਤੀਆਂ ਅਤੇ ਗ੍ਰਾਮ ਪੰਚਾਇਤਾਂ ਦੇ ਲੇਖਿਆਂ ਦੀ ਪ੍ਰਮਾਣਿਕਤਾ ਕ੍ਰਮਵਾਰ ਮੁੱਖ ਕਾਰਜਸਾਧਕ ਅਫਸਰ, ਕਾਰਜਸਾਧਕ ਅਫਸਰ ਅਤੇ ਸਰਪੰਚ ਦੁਆਰਾ ਕੀਤੀ ਜਾ ਰਹੀ ਹੈ। ਨਿਰੀਖਕ, ਸਥਾਨਕ ਫੰਡ ਲੇਖੇ (ਈ ਐਲ ਐਫ ਏ) ਕਨੂੰਨੀ ਲੇਖਾ ਪਰੀਖਕ ਹੋਣ ਦੇ ਨਾਤੇ ਪੀ ਆਰ ਆਈਜ਼ ਦੀ ਲੇਖਾ ਪ੍ਰੀਖਿਆ ਕਰਨ ਲਈ ਜ਼ਿੰਮੇਵਾਰ ਹੈ।

ਪੀ ਆਰ ਆਈਜ਼ ਦੀ ਲੇਖਾ ਪ੍ਰਣਾਲੀ ਪੰਜਾਬ ਪੰਚਾਇਤੀ ਰਾਜ ਐਕਟ, 1994 (ਐਕਟ) ਅਤੇ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਨਿਯੰਤਰਿਤ ਕੀਤੀ ਜਾਂਦੀ ਹੈ। ਇਹ ਐਕਟ ਪੀ ਆਰ ਆਈਜ਼ ਦੁਆਰਾ ਸਲਾਨਾ ਲੇਖਿਆ ਦੀ ਸਾਂਭ-ਸੰਭਾਲ ਅਤੇ ਸਾਲਾਨਾ ਬਜਟ ਤਿਆਰ ਕਰਨ ਲਈ ਉਪਬੰਧ ਕਰਦਾ ਹੈ। ਇਸ ਅਨੁਸਾਰ, ਪੰਚਾਇਤੀ ਰਾਜ ਮੰਤਰਾਲੇ, ਭਾਰਤ ਸਰਕਾਰ (ਜੀ ਓ ਆਈ) ਅਤੇ ਸੀ ਏ ਜੀ ਨਾਲ ਸਲਾਹ-ਮਸ਼ਵਰਾ ਕਰਕੇ ਪੀ ਆਰ ਆਈਜ਼ ਦੇ ਇਨਫਲੋਅ (ਪ੍ਰਾਪਤੀਆਂ) ਅਤੇ ਆਊਟ-ਫਲੋ (ਅਦਾਇਗੀਆਂ) 'ਤੇ ਨਿਗ੍ਹਾ ਰੱਖਣ ਲਈ ਨੈਸ਼ਨਲ ਇਨਫਾਰਮੈਟਿਕਸ ਸੈਂਟਰ (ਐਨ ਆਈ ਸੀ) ਦੁਆਰਾ ਇੱਕ ਮਾਡਲ ਅਕਾਊਂਟਿੰਗ ਸਿਸਟਮ (ਐਮ ਏ ਐਸ) ਅਤੇ ਅਕਾਊਂਟਿੰਗ ਸਾਫਟਵੇਅਰ (ਪੀ ਆਰ ਆਈ ਏ ਸਾਫਟ) ਵਿਕਸਤ ਕੀਤਾ ਗਿਆ ਸੀ।

ਐਪਲੀਕੇਸ਼ਨ ਈ-ਗ੍ਰਾਮਸਵਰਾਜ ਨੂੰ 24 ਅਪ੍ਰੈਲ 2020 ਨੂੰ ਸ਼ੁਰੂ ਕੀਤਾ ਗਿਆ ਸੀ। ਇਹ ਐਪਲੀਕੇਸ਼ਨ ਈ-ਗਵਰਨੈਂਸ ਅਧੀਨ ਪੰਚਾਇਤੀ ਰਾਜ ਮੰਤਰਾਲੇ ਦੀ ਪਹਿਲਕਦਮੀ ਹੈ ਤਾਂ ਜੋ ਪੰਚਾਇਤਾਂ ਨੂੰ ਸਾਰੀਆਂ ਯੋਜਨਾਬੰਦੀ ਅਤੇ ਲੇਖਾ ਲੋੜਾਂ ਲਈ ਇਕੋ ਪਲੇਟਫਾਰਮ ਪ੍ਰਦਾਨ ਕਰ ਸਕੇ। ਈ-ਗ੍ਰਾਮਸਵਰਾਜ ਨੂੰ ਪੰਦਰ੍ਹਵੇਂ ਵਿੱਤ ਕਮਿਸ਼ਨ ਦੀਆਂ ਗ੍ਰਾਂਟਾਂ ਅਧੀਨ ਰੀਅਲ-ਟਾਈਮ ਭੁਗਤਾਨ ਲਈ ਪੀ ਐਫ ਐਮ ਐਸ ਨਾਲ ਜੋੜਿਆ ਗਿਆ ਹੈ। ਈ-ਗ੍ਰਾਮਸਵਰਾਜ ਪੋਰਟਲ ਤੇ ਆਪਣੇ ਸਰੋਤਾਂ ਅਤੇ ਰਾਜ ਸਕੀਮਾਂ ਤੋਂ ਆਮਦਨ ਅਤੇ ਖਰਚ ਨਾਲ ਸਬੰਧਤ ਡਾਟਾ ਅਪਲੋਡ ਕਰਨ ਦਾ ਟੀਚਾ ਮਿਤੀ 31 ਮਾਰਚ 2023 ਨੂੰ ਨਿਰਧਾਰਤ ਕੀਤਾ ਗਿਆ ਸੀ। ਲੇਖਾ ਪ੍ਰੀਖਿਆ ਨੇ ਵੇਖਿਆ ਕਿ 13,228 ਅਤੇ 13,238 ਦੀ ਰੇਂਜ਼

1 (i) 2019-20: ਇੱਕ ਜ਼ੈਡ ਪੀ, 32 ਪੀ ਐਸਜ਼ ਅਤੇ 320 ਜੀ ਪੀਜ਼; (ii) 2020-21: ਪੰਜ ਜ਼ੈਡ ਪੀਜ਼, 36 ਪੀ ਐਸਜ਼ ਅਤੇ 360 ਜੀ ਪੀਜ਼; (iii) 2021-22: ਪੰਜ ਜ਼ੈਡ ਪੀਜ਼, 36 ਪੀ ਐਸਜ਼ ਅਤੇ 360 ਜੀ ਪੀਜ਼ ਅਤੇ (iv) 2022-23: 12 ਜ਼ੈਡ ਪੀਜ਼, 47 ਪੀ ਐਚਜ਼ ਅਤੇ 380 ਜੀ ਪੀਜ਼।

ਵਿਚਕਾਰ ਦੇ ਜੀ ਪੀਜ਼ ਨੇ 31 ਮਾਰਚ 2022 ਤੱਕ ਇਸ ਪੋਰਟਲ ਤੇ ਚੌਦ੍ਹਵੇਂ ਵਿੱਤ ਕਮਿਸ਼ਨ ਅਤੇ ਪੰਦਰ੍ਹਵੇਂ ਵਿੱਤ ਕਮਿਸ਼ਨ ਦੀਆਂ ਗ੍ਰਾਂਟਾਂ ਦਾ ਮੁਢਲਾ ਡਾਟਾ ਅਪਲੋਡ ਕੀਤਾ ਸੀ।

1.2 ਪੰਚਾਇਤੀ ਰਾਜ ਸੰਸਥਾਵਾਂ ਦਾ ਸੰਗਠਨਾਤਮਕ ਢਾਂਚਾ



1.2.1 ਸਥਾਈ ਕਮੇਟੀਆਂ

ਪੰਜਾਬ ਪੰਚਾਇਤੀ ਰਾਜ ਐਕਟ, 1994 ਦੀ ਧਾਰਾ 25 (1), 134 (1) ਅਤੇ 184 (1) ਵਿੱਚ ਕ੍ਰਮਵਾਰ ਜੀ ਪੀ, ਪੀ ਐਸ ਅਤੇ ਜ਼ੈਡ ਪੀ ਪੱਧਰ ਤੇ ਵੱਖ-ਵੱਖ ਸਥਾਈ ਕਮੇਟੀਆਂ ਦੇ ਗਠਨ ਦੀ ਵਿਵਸਥਾ ਕਰਦਾ ਹੈ। ਵਿੱਤੀ ਮਾਮਲਿਆਂ ਅਤੇ ਸਕੀਮਾਂ ਨੂੰ ਲਾਗੂ ਕਰਨ ਵਿੱਚ ਇਨ੍ਹਾਂ ਕਮੇਟੀਆਂ ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਦਾ ਵੇਰਵਾ **ਸਾਰਣੀ** 1.1 ਵਿੱਚ ਦਿੱਤਾ ਗਿਆ ਹੈ।

ਸਾਰਣੀ 1.1: ਸਥਾਈ ਕਮੇਟੀਆਂ ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ

ਪੀ ਆਰ ਆਈਜ਼ ਦਾ ਪੱਧਰ	ਸਥਾਈ ਕਮੇਟੀ ਦਾ ਅਗਵਾਈ ਕਰਤਾ	ਸਥਾਈ ਕਮੇਟੀ ਦਾ ਨਾਂਅ	ਸਥਾਈ ਕਮੇਟੀਆਂ ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ
ਜ਼ਿਲ੍ਹਾ ਪ੍ਰੀਸ਼ਦ	ਚੇਅਰਮੈਨ	ਆਮ ਕਮੇਟੀ	ਅਮਲੇ ਦੇ ਮਾਮਲਿਆਂ, ਸੰਚਾਰ, ਇਮਾਰਤਾਂ, ਪੇਂਡੂ ਰਿਹਾਇਸ਼, ਪਿੰਡ ਦੇ ਵਿਸਥਾਰ, ਕੁਦਰਤੀ ਆਫ਼ਤਾਂ ਤੋਂ ਰਾਹਤ ਆਦਿ ਨਾਲ ਸਬੰਧਤ ਕੰਮ।
		ਵਿੱਤ ਲੇਖਾ ਪ੍ਰੀਖਿਆ ਅਤੇ ਯੋਜਨਾਬੰਦੀ ਕਮੇਟੀ	ਬਜਟ ਅਨੁਮਾਨਾਂ ਨਾਲ ਸਬੰਧਤ ਕਾਰਜ, ਰੈਵੀਨਿਊ ਵਧਾਉਣ ਲਈ ਪ੍ਰਸਤਾਵਾਂ ਦੀ ਪੜਤਾਲ, ਪ੍ਰਾਪਤੀਆਂ ਅਤੇ ਖਰਚੇ ਦੀਆਂ ਵਿਵਰਣੀਆਂ ਦੀ ਪੜਤਾਲ, ਜ਼ੈਡ ਪੀਜ਼ ਦੇ ਵਿੱਤ ਨੂੰ ਪ੍ਰਭਾਵਿਤ ਕਰਨ ਵਾਲੇ ਸਾਰੇ ਪ੍ਰਸਤਾਵਾਂ ਤੇ ਵਿਚਾਰ ਕਰਨਾ, ਜ਼ੈਡ ਪੀਜ਼ ਦੇ ਰੈਵੀਨਿਊ ਅਤੇ ਖਰਚਿਆਂ ਦੀ ਆਮ ਨਿਗਰਾਨੀ, ਵਿਕਾਸ ਕਾਰਜਾਂ ਲਈ ਖਰਚਿਆਂ ਦੀ ਵੰਡ, ਰਾਜ ਸਰਕਾਰ ਦੁਆਰਾ ਜਾਰੀ ਦਿਸ਼ਾ ਨਿਰਦੇਸ਼ਾਂ ਨੂੰ ਲਾਗੂ ਕਰਨਾ, ਮਹੱਤਵਪੂਰਨ ਪ੍ਰੋਗਰਾਮਾਂ ਅਤੇ ਛੋਟੀਆਂ ਬੱਚਤਾਂ ਸਕੀਮਾਂ ਦਾ ਮੁਲਾਂਕਣ।
		ਸਮਾਜਿਕ ਨਿਆਂ ਕਮੇਟੀ	ਅਨੁਸੂਚਿਤ ਜਾਤੀਆਂ (ਐਸ ਸੀਜ਼) ਅਤੇ ਪੱਛੜੀਆਂ ਸ਼੍ਰੇਣੀਆਂ (ਬੀ ਸੀਜ਼) ਦੀ ਸਿੱਖਿਆ, ਆਰਥਿਕ, ਸਮਾਜਿਕ, ਸੱਭਿਆਚਾਰ ਅਤੇ ਹੋਰ ਹਿੱਤਾ ਨੂੰ ਉਤਸ਼ਾਹਤ ਕਰਨ ਸਬੰਧੀ ਕੰਮ, ਐਸ ਸੀਜ਼/ਬੀ ਸੀਜ਼ ਨੂੰ ਸਮਾਜਿਕ ਬੇਇਨਸਾਫੀ ਅਤੇ ਹੋਰ ਸਾਰੇ ਸ਼ੋਸ਼ਣ ਤੋ ਬਚਾਉਣ, ਐਸ ਸੀਜ਼ ਅਤੇ ਬੀ ਸੀਜ਼ ਦੀ ਸਥਿਤੀ ਨੂੰ ਸੁਧਾਰਨ, ਐਸ ਸੀਜ਼ ਅਤੇ ਬੀ ਸੀਜ਼, ਔਰਤਾਂ ਅਤੇ ਸਮਾਜ ਦੇ ਹੋਰ ਕਮਜ਼ੋਰ ਵਰਗਾਂ ਨੂੰ ਸਮਾਜਿਕ ਨਿਆਂ ਸੁਰੱਖਿਅਤ ਕਰਨ ਨਾਲ ਸਬੰਧਤ ਕਾਰਜ।
		ਸਿੱਖਿਆ ਅਤੇ ਸਿਹਤ ਕਮੇਟੀ	ਜ਼ੈਡ ਪੀਜ਼ ਵਿੱਚ ਵਿਦਿਅਕ ਗਤੀਵਿਧੀਆਂ ਨੂੰ ਉਤਸ਼ਾਹਤ ਕਰਨ, ਰਾਸ਼ਟਰੀ ਨੀਤੀ ਅਤੇ ਰਾਸ਼ਟਰੀ ਅਤੇ ਰਾਜ ਯੋਜਨਾਵਾਂ ਦੇ ਢਾਂਚੇ ਦੇ ਅੰਦਰ ਜ਼ਿਲ੍ਹੇ ਵਿੱਚ ਸਿੱਖਿਆ ਦੀ ਯੋਜਨਾਬੰਦੀ ਕਰਨ, ਜ਼ੈਡ ਪੀਜ਼ ਦੀਆਂ ਵਿਦਿਅਕ ਗਤੀਵਿਧੀਆਂ ਦਾ ਸਰਵੇਖਣ ਅਤੇ ਮੁਲਾਂਕਣ ਕਰਨ, ਸਿੱਖਿਅ, ਬਾਲਗ ਸਾਖਰਤਾ ਅਤੇ ਸੱਭਿਆਚਾਰਕ ਗਤੀਵਿਧੀਆਂ ਨਾਲ ਸਬੰਧਤ ਅਜਿਹੇ ਹੋਰ ਫਰਜ਼ਾਂ ਨੂੰ ਨਿਭਾਉਣ ਨਾਲ ਸਬੰਧਤ ਕੰਮ ਜੋ ਜ਼ੈਡ ਪੀਜ਼ ਇਸ ਨੂੰ ਸੌਂਪ ਸਕਦੀ ਹੈ, ਡਰੇਨੇਜ, ਸਿਹਤ ਸੇਵਾਵਾਂ, ਹਸਪਤਾਲਾਂ, ਜਲ ਸਪਲਾਈ ਅਤੇ ਪਰਿਵਾਰ ਭਲਾਈ ਅਤੇ ਹੋਰ ਸਬੰਧਤ ਮਾਮਲਿਆਂ ਦੀ ਸਾਂਭ-ਸੰਭਾਲ ਨਾਲ ਸਬੰਧਤ ਕਾਰਜ।
		ਖੇਤੀਬਾੜੀ ਅਤੇ ਉਦਯੋਗ ਕਮੇਟੀ	ਜ਼ਿਲ੍ਹੇ ਦੇ ਖੇਤੀਬਾੜੀ ਉਤਪਾਦਨ, ਪਸ਼ੂ ਪਾਲਣ, ਸਹਿਕਾਰਤਾ ਪਿੰਡ ਅਤੇ ਘਰੇਲੂ ਉਦਯੋਗਾਂ ਅਤੇ ਉਦਯੋਗਿਕ ਵਿਕਾਸ ਲਈ ਸਬੰਧਤ ਕਾਰਜ।
ਪੰਚਾਇਤ ਸੰਮਤੀ	ਚੇਅਰਮੈਨ	ਆਮ ਕਮੇਟੀ	ਅਮਲੇ ਦੇ ਮਾਮਲਿਆਂ, ਸੰਚਾਰ, ਇਮਾਰਤਾਂ, ਪੇਂਡੂ ਰਿਹਾਇਸ਼, ਪਿੰਡ ਦੇ ਵਿਸਥਾਰ, ਕੁਦਰਤੀ ਆਫਤਾਂ ਤੋਂ ਰਾਹਤ, ਜਲ ਸਪਲਾਈ ਆਦਿ ਨਾਲ ਸਬੰਧਤ ਕਾਰਜ।
		ਵਿੱਤ, ਲੇਖਾ ਪ੍ਰੀਖਿਆ ਅਤੇ ਯੋਜਨਾਬੰਦੀ ਕਮੇਟੀ	ਬਜਟ ਅਨੁਮਾਨ ਤਿਆਰ ਕਰਨ, ਰੈਵੀਨਿਊ ਵਧਾਉਣ ਲਈ ਪ੍ਰਸਤਾਵਾਂ ਦੀ ਪੜਤਾਲ, ਪ੍ਰਾਪਤੀਆਂ ਅਤੇ ਖਰਚੇ ਦੇ ਵੇਰਵੇ ਦੀ ਪੜਤਾਲ, ਪੀ ਐਸ ਦੇ ਰੈਵੀਨਿਊ ਅਤੇ ਖਰਚਿਆਂ ਦੀ ਆਮ ਨਿਗਰਾਨੀ, ਛੋਟੀਆਂ ਬੱਚਤਾਂ ਸਕੀਮਾਂ ਅਤੇ ਪੀ ਐਸ ਖੇਤਰ ਦੇ ਵਿਕਾਸ ਨਾਲ ਸਬੰਧਤ ਕਾਰਜ।
		ਸਮਾਜਿਕ ਨਿਆਂ ਕਮੇਟੀ	ਇਹ ਕਮੇਟੀ ਉਹੀ ਕੰਮ ਕਰਦੀ ਹੈ ਜਿਵੇਂ ਕਿ ਜ਼ੈਡ ਪੀ ਪੱਧਰ 'ਤੇ ਉੱਪਰ ਦੱਸਿਆ ਗਿਆ ਹੈ।
ਗ੍ਰਾਮ ਪੰਚਾਇਤ	ਸਰਪੰਚ	ਉਤਪਾਦਨ ਕਮੇਟੀ	ਖੇਤੀਬਾੜੀ ਉਤਪਾਦਨ, ਪਸ਼ੂ ਪਾਲਣ, ਪੇਂਡੂ ਉਦਯੋਗ ਅਤੇ ਗਰੀਬੀ ਹਟਾਉਣ ਦੇ ਪ੍ਰੋਗਰਾਮਾਂ ਨਾਲ ਸਬੰਧਤ ਕਾਰਜ।
		ਸਮਾਜਿਕ ਨਿਆਂ ਕਮੇਟੀ	ਇਹ ਕਮੇਟੀ ਉਹੀ ਕੰਮ ਕਰਦੀ ਹੈ ਜਿਵੇਂ ਕਿ ਜ਼ੈਡ ਪੀ ਪੱਧਰ 'ਤੇ ਉੱਪਰ ਦੱਸਿਆ ਗਿਆ ਹੈ।
		ਸੇਵਾਵਾਂ ਕਮੇਟੀ	ਸਿੱਖਿਆ, ਜਨਤਕ ਸਿਹਤ, ਲੋਕ ਨਿਰਮਾਣ ਅਤੇ ਜੀ ਪੀਜ਼ ਦੇ ਹੋਰ ਕਾਰਜਾਂ ਨਾਲ ਸਬੰਧਤ ਕਾਰਜ।

ਸ੍ਰੋਤ: ਪੰਜਾਬ ਪੰਚਾਇਤੀ ਰਾਜ ਐਕਟ, 1994

ਸਾਰਣੀ 1.1 ਵਿੱਚ ਵਿਸਥਾਰਤ ਵਿਵਸਥਾਵਾਂ ਦੇ ਅਨੁਸਾਰ, ਜ਼ੈਡ ਪੀ ਵਿੱਚ ਪੰਜ ਸਥਾਈ ਕਮੇਟੀਆਂ ਅਤੇ ਪੀ ਐਸ ਅਤੇ ਜੀ ਪੀ ਹਰ ਇੱਕ ਵਿੱਚ ਤਿੰਨ ਕਮੇਟੀਆਂ ਬਣਾਈਆਂ ਜਾਣੀਆਂ ਸਨ। ਪ੍ਰੰਤੂ, ਇਹ ਧਿਆਨ ਵਿੱਚ ਆਇਆ ਕਿ 31 ਮਾਰਚ 2022 ਤੱਕ 201 ਸਥਾਈ ਕਮੇਟੀਆਂ (ਪੀ ਐਸਜ਼ : 06 ਅਤੇ ਜੀ ਪੀਜ਼ 195) ਦੀ ਕਮੀ ਛੱਡਦੇ ਹੋਏ 40,355 ਕਮੇਟੀਆਂ (ਜ਼ੈਡ ਪੀਜ਼: 110; ਪੀ ਐਸਜ਼: 459 ਅਤੇ ਜੀ ਪੀਜ਼: 39,786) ਵਿੱਚੋਂ 40,154 ਕਮੇਟੀਆਂ (ਜ਼ੈਡ ਪੀਜ਼ : 110; ਪੀ ਐਸਜ਼ : 453 ਅਤੇ ਜੀ ਪੀਜ਼: 39,591) ਬਣਾਈਆਂ ਗਈਆਂ ਸਨ। ਇਹ ਕਮੀ ਲਾਜਮੀ ਲੋੜਾਂ ਤੋਂ ਡੈਵੀਏਸ਼ਨ ਨੂੰ ਦਰਸਾਉਂਦੀ ਹੈ ਜੋ ਇਹਨਾਂ ਸੰਸਥਾਵਾਂ ਦੇ ਕੰਮਕਾਜ ਤੇ ਬੁਰਾ ਪ੍ਰਭਾਵ ਪਾਉਂਦੀ ਹੈ।

1.2.2 ਪੀ ਆਰ ਆਈਜ਼ ਵਿੱਚ ਸਟਾਫ ਦੀ ਸਥਿਤੀ

ਸਾਲ 2019-20 ਤੋਂ 2021-22 ਲਈ ਪੀ ਆਰ ਆਈਜ਼ ਵਿੱਚ ਸਟਾਫ ਦੀ ਸਥਿਤੀ ਦਾ ਵੇਰਵਾ **ਸਾਰਣੀ 1.2** ਵਿੱਚ ਦਿੱਤਾ ਗਿਆ ਹੈ।

ਸਾਰਣੀ 1.2: ਪੀ ਆਰ ਆਈਜ਼ ਵਿੱਚ ਸਟਾਫ ਦੀ ਸਥਿਤੀ

ਸਾਲ	ਮਨਜ਼ੂਰਸ਼ੁਦਾ ਅਸਾਮੀਆਂ	ਤੈਨਾਤ ਅਸਾਮੀਆਂ	ਖਾਲੀ ਅਸਾਮੀਆਂ[2] *(ਪ੍ਰਤੀਸ਼ਤ)*
2019-20	8203	5812	2391 (29)
2020-21	8405	5597	2808 (33)
2021-22[3]	4888	2908	1980 (41)

ਸ੍ਰੋਤ: ਵਿਭਾਗੀ ਡਾਟਾ

ਸਾਰਣੀ 1.2 ਦਰਸਾਉਂਦੀ ਹੈ ਕਿ ਪੀ ਆਰ ਆਈਜ਼ ਵਿੱਚ ਸਟਾਫ ਦੀ ਕੁੱਲ ਕਮੀ 2019-20 ਵਿੱਚ 29 *ਪ੍ਰਤੀਸ਼ਤ* ਤੋਂ ਵੱਧ ਕੇ 2021-22 ਵਿੱਚ 41 *ਪ੍ਰਤੀਸ਼ਤ* ਹੋ ਗਈ ਹੈ। ਹਾਲਾਂਕਿ, 2020-21 ਵਿੱਚ ਮਨਜ਼ੂਰਸ਼ੁਦਾ ਅਸਾਮੀਆਂ ਦੀ ਗਿਣਤੀ ਵਿੱਚ ਥੋੜ੍ਹਾ ਜਿਹਾ ਭਾਵ 2.46 *ਪ੍ਰਤੀਸ਼ਤ* ਵਾਧਾ ਹੋਇਆ ਹੈ। ਹਾਲਾਂਕਿ, ਸਾਲ ਦੌਰਾਨ ਤੈਨਾਤ ਅਸਾਮੀਆਂ (ਐਮ ਆਈ ਪੀ) ਵਿੱਚ ਕਮੀ ਆਈ ਹੈ ਅਤੇ ਪਿਛਲੇ ਸਾਲ ਦੇ ਮੁਕਾਬਲੇ 31 ਮਾਰਚ 2021 ਤੱਕ ਖਾਲੀ ਅਸਾਮੀਆਂ ਦੀ ਸਥਿਤੀ ਵਿੱਚ ਚਾਰ *ਪ੍ਰਤੀਸ਼ਤ* ਦਾ ਵਾਧਾ ਹੋਇਆ ਹੈ। ਐਫ ਵਾਈ 2021-22 ਦੌਰਾਨ ਲਈ ਦਿਹਾਤੀ ਮੈਡੀਕਲ ਅਫਸਰ (ਆਰ ਐਮ ਓ) ਤੋਂ ਇਲਾਵਾ ਹੋਰ ਸਟਾਫ ਲਈ ਐਮ ਆਈ ਪੀ ਦੀ ਸਥਿਤੀ ਵਿੱਚ ਹੋਰ ਕਮੀ ਆਈ ਹੈ ਅਤੇ ਖਾਲੀ ਅਸਾਮੀਆਂ ਦੀ ਸਥਿਤੀ ਪਿਛਲੇ ਸਾਲ ਦੇ ਮੁਕਾਬਲੇ ਅੱਠ *ਪ੍ਰਤੀਸ਼ਤ* ਵਧੀ ਹੈ। ਇਸ ਤੋਂ ਇਲਾਵਾ, ਅਪ੍ਰੈਲ 2016 ਤੋਂ ਮਾਰਚ 2019 ਦੇ ਸਮੇਂ ਲਈ ਪੰਚਾਇਤੀ ਰਾਜ ਸੰਸਥਾਵਾਂ (ਪੀ ਆਰ ਆਈਜ਼) ਅਤੇ ਸ਼ਹਿਰੀ ਸਥਾਨਕ ਸੰਸਥਾਵਾਂ (ਯੂ ਐਲ ਬੀਜ਼) ਬਾਰੇ ਸਾਲਾਨਾ ਤਕਨੀਕੀ ਨਿਰੀਖਣ ਰਿਪੋਰਟ (ਏ ਟੀ ਆਈ ਆਰ) ਨੇ ਪੀ ਆਰ ਆਈਜ਼ (ਪੈਰ੍ਹਾ 1.2.2) ਵਿੱਚ ਸਟਾਫ ਦੀ ਘਾਟ ਨੂੰ ਉਜਾਗਰ ਕੀਤਾ।

ਸਟਾਫ ਦੀ ਕਮੀ ਨੂੰ ਪੂਰਾ ਕਰਨ ਲਈ ਵਿਭਾਗ ਵੱਲੋਂ ਕੀਤੇ ਗਏ ਯਤਨਾਂ ਬਾਰੇ ਜਾਣਕਾਰੀ, ਜੇ ਕੋਈ ਹੈ, ਦੀ ਉਡੀਕ ਕੀਤੀ ਜਾ ਰਹੀ ਸੀ (ਦਸੰਬਰ 2023)।

---

2 ਵਿੱਤੀ ਸਾਲ ਦੇ ਆਖਰੀ ਦਿਨ ਭਾਵ 31 ਮਾਰਚ ਨੂੰ ਸਥਿਤੀ।

3 ਮਾਰਚ 2021 ਦੌਰਾਨ ਦਿਹਾਤੀ ਮੈਡੀਕਲ ਅਫਸਰਾਂ (ਆਰ ਐਮ ਓਜ਼) ਅਤੇ ਸਟਾਫ ਨਾਲ ਸਬੰਧਤ ਜਾਣਕਾਰੀ ਨੂੰ ਛੱਡ ਕੇ ਆਰ ਐਮ ਓਜ਼ ਨੂੰ ਵਾਪਸ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵਿੱਚ ਟਰਾਂਸਫਰ ਕਰ ਦਿੱਤਾ ਗਿਆ ਸੀ।

1.2.3 ਕੰਮਾਂ ਦੀ ਸਪੁਰਦਗੀ

ਸੰਵਿਧਾਨ (73ਵੀਂ ਸੋਧ) ਐਕਟ, 1992 ਚਿਤਵਦਾ ਹੈ ਕਿ ਸੰਵਿਧਾਨ ਦੇ ਉਪਬੰਧਾਂ ਦੇ ਅਧੀਨ, ਕਿਸੇ ਰਾਜ ਦੀ ਵਿਧਾਨਪਾਲਿਕਾ ਕਾਨੂੰਨ ਰਾਹੀਂ ਪੰਚਾਇਤਾਂ ਨੂੰ ਅਜਿਹੀਆਂ ਸ਼ਕਤੀਆਂ ਅਤੇ ਅਥਾਰਟੀ ਦੇ ਸਕਦੀ ਹੈ ਜੋ ਕਿ ਉਨ੍ਹਾਂ ਨੂੰ ਸਵੈ-ਸਰਕਾਰ ਦੀਆਂ ਸੰਸਥਾਵਾਂ ਵਾਂਗੂ ਕੰਮ ਕਰਨ ਦੇ ਸਮਰੱਥ ਬਣਾਉਣ ਲਈ ਜ਼ਰੂਰੀ ਹੋਵੇ, ਅਤੇ ਅਜਿਹੇ ਕਾਨੂੰਨ ਪੰਚਾਇਤਾਂ ਨੂੰ ਭਾਰਤ ਦੇ ਸੰਵਿਧਾਨ ਦੀ ਗਿਆਰਵੀਂ ਅਨੁਸੂਚੀ ਵਿੱਚ ਸ਼ਾਮਲ ਮਾਮਲਿਆਂ (29 ਵਿਸ਼ੇ) ਸਮੇਤ ਆਰਥਿਕ ਵਿਕਾਸ ਅਤੇ ਸਮਾਜਿਕ ਨਿਆਂ ਲਈ ਸਕੀਮਾਂ ਦੇ ਲਾਗੂ ਕਰਨ ਦੇ ਸਬੰਧ ਵਿੱਚ ਉਚਿਤ ਪੱਧਰ ਤੇ ਸ਼ਕਤੀਆਂ ਅਤੇ ਜ਼ਿੰਮੇਵਾਰੀਆਂ ਦੇਣ ਦੀ ਵਿਵਸਥਾ ਕੀਤੀ ਜਾ ਸਕਦੀ ਹੈ ਜੋ ਕਿ ਅਜਿਹੀਆਂ ਸ਼ਰਤਾਂ ਦੇ ਅਧੀਨ ਹੋਵੇਗਾ ਜੋ ਕਿ ਉਨ੍ਹਾਂ ਵਿੱਚ ਸਪਸ਼ਟ ਤੌਰ ਤੇ ਅੰਕਿਤ ਕੀਤੀਆਂ ਹੋਣਗੀਆ।

ਸਾਲ 2004-06 ਦੌਰਾਨ ਸੌਪੇ ਜਾਣ ਵਾਲੇ ਲੋੜੀਂਦੇ 29 ਵਿਸ਼ਿਆਂ ਵਿੱਚੋਂ ਸਿਰਫ 13[4] ਵਿਸ਼ਿਆਂ ਨੂੰ ਸੌਪਿਆਂ ਗਿਆ ਸੀ ਅਤੇ 16[5] ਵਿਸ਼ਿਆਂ ਨੂੰ ਸੌਪਿਆਂ ਨਹੀਂ ਗਿਆ ਸੀ। ਹਾਲਾਂਕਿ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਨਿਰਦੇਸ਼ਾਂ (ਅਪ੍ਰੈਲ ਅਤੇ ਅਕਤੂਬਰ 2018) ਦੇ ਬਾਅਦ ਵੀ, ਕੋਈ ਪ੍ਰਗਤੀ ਨਹੀਂ ਹੈ (ਅਕਤੂਬਰ 2022), ਇਸ ਦੀ ਬਜਾਏ ਦੋ[6] ਕੰਮਾਂ ਨੂੰ ਅੰਸ਼ਕ ਤੌਰ ਤੇ ਉਨ੍ਹਾਂ ਦੇ ਸਬੰਧਤ ਵਿਭਾਗਾਂ ਨੂੰ ਟਰਾਂਸਫਰ (ਸਤੰਬਰ 2014) ਕਰ ਦਿੱਤਾ ਗਿਆ ਸੀ।

ਐਲ ਬੀਜ਼ ਅਤੇ ਪੀ ਆਰ ਆਈਜ਼ ਬਾਰੇ ਲੋਕ ਲੇਖਾ ਕਮੇਟੀ ਨੇ ਸਾਲ 2015-16 ਲਈ ਪੀ ਆਰ ਆਈਜ਼ ਅਤੇ ਯੂ ਐਲ ਬੀਜ਼ ਬਾਰੇ ਏ ਟੀ ਆਈ ਆਰ ਦੇ ਪੈਰ੍ਹਾ 1.2.3 ਤੇ ਵਿਚਾਰ ਵਟਾਦਰੇ ਦੌਰਾਨ ਇਹ ਵੀ ਸਿਫਾਰਸ਼ ਕੀਤੀ (ਦਸੰਬਰ 2019) ਕਿ ਪੀ ਆਰ ਆਈਜ਼ ਨੂੰ ਸਵੈ-ਸਰਕਾਰ ਵਜੋਂ ਕੰਮ ਕਰਨ ਦੇ ਯੋਗ ਬਣਾਉਣ ਲਈ, ਫੰਡ, ਕਾਰਜ ਅਤੇ ਕਾਰਜਕਰਤਾ ਉਨ੍ਹਾਂ ਨੂੰ ਸੌਪੇ ਜਾ ਸਕਦੇ ਹਨ। ਸੌਪੇ ਜਾਣ ਦੀ ਬਜਾਏ, ਸਰਕਾਰ ਨੇ (ਮਾਰਚ 2021) ਪੀ ਆਰ ਆਈਜ਼ ਤੋਂ ਉਨ੍ਹਾਂ ਦੇ ਸਬੰਧਤ ਵਿਭਾਗਾਂ ਨੂੰ ਸੌਪੇ ਗਏ ਦੋ[7] ਕੰਮਾਂ ਨੂੰ ਬਹਾਲ ਕਰ ਦਿੱਤਾ।

---

4 (i) ਸਕੂਲ ਸਿੱਖਿਆ; (ii) ਪਸ਼ੂ ਪਾਲਣ; (iii) ਪੇਂਡੂ ਮਕਾਨ ਉਸਾਰੀ; (iv) ਪੀਣਯੋਗ ਜਲ; (v) ਲਾਇਬਰੇਰੀਆਂ; (vi) ਸਭਿਆਚਾਰਕ ਗਤੀਵਿਧੀਆਂ; (vii) ਮੰਡੀਆਂ ਅਤੇ ਮੇਲੇ; (viii) ਸਿਹਤ ਅਤੇ ਸਵੱਛਤਾ; (ix) ਪਰਿਵਾਰ ਭਲਾਈ; (x) ਮਹਿਲਾਵਾਂ ਅਤੇ ਬਾਲ ਵਿਕਾਸ; (xi) ਅਪਾਹਜਾਂ ਅਤੇ ਮੰਦਬੁਧੀਆਂ ਦੀ ਭਲਾਈ ਸਮੇਤ ਸਮਾਜ ਭਲਾਈ; (xii) ਕਮਜ਼ੋਰ ਵਰਗਾਂ ਵਿਸ਼ੇਸ ਤੌਰ ਤੇ ਐਸ ਸੀਜ਼ ਅਤੇ ਐਸ ਟੀਜ਼ ਦੀ ਭਲਾਈ; ਅਤੇ (xiii) ਸਮੁਦਾਇਕ ਸੰਪਤੀਆਂ ਦਾ ਰੱਖ ਰਖਾਅ।

5 (i) ਖੇਤੀਬਾੜੀ ਵਾਧੇ ਸਮੇਤ, ਖੇਤੀਬਾੜੀ; (ii) ਭੂਮੀ ਸੁਧਾਰ, ਭੂਮੀ ਸੁਧਾਰਾਂ ਦਾ ਲਾਗੂ ਕਰਨ, ਭੂਮੀ ਚੱਕਬੰਦੀ ਅਤੇ ਭੂਮੀ ਸੰਭਾਲ; (iii) ਲਘੂ ਸਿੰਜਾਈ, ਜਲ ਪ੍ਰਬੰਧਨ ਅਤੇ ਵਾਟਰਸ਼ੈਡ ਵਿਕਾਸ; (iv) ਮੱਛੀ ਪਾਲਣ; (v) ਸਮਾਜਿਕ ਜੰਗਲਾਤ ਅਤੇ ਫਾਰਮ ਜੰਗਲਾਤ; (vi) ਲਘੂ ਜੰਗਲਾਤ ਉਤਪਾਦ; (vii) ਫੂਡ ਪ੍ਰੋਸੈਸਿੰਗ ਉਦਯੋਗ ਸਮੇਤ ਸਮਾਲ ਸਕੇਲ ਉਦਯੋਗ; (viii) ਖਾਦੀ, ਗ੍ਰਾਮੀਣ ਅਤੇ ਘਰੇਲੂ ਉਦਯੋਗ; (ix) ਬਾਲਣ ਅਤੇ ਚਾਰਾ; (x) ਸੜਕਾਂ, ਨਾਲੇ, ਪੁੱਲ, ਬੇੜੀਆ, ਜਲਮਾਰਗ ਅਤੇ ਸੰਚਾਰ ਦੇ ਹੋਰ ਸਾਧਨ; (xi) ਪੇਂਡੂ ਬਿਜਲੀਕਰਣ, ਬਿਜਲੀ ਦੀ ਵੰਡ ਸਮੇਤ; (xii) ਗੈਰ-ਰਿਵਾਇਤੀ ਐਨਰਜ਼ੀ ਸ੍ਰੋਤ; (xiii) ਗਰੀਬੀ ਹਟਾਓ ਪ੍ਰੋਗ੍ਰਾਮ; (xiv) ਤਕਨੀਕੀ ਸਿਖਲਾਈ ਅਤੇ ਕਿੱਤਾ ਮੁਖੀ ਸਿੱਖਿਆ; (xv) ਬਾਲਗ ਅਤੇ ਗੈਰ-ਰਸਮੀ ਸਿੱਖਿਆ; ਅਤੇ (xvi) ਜਨਤਕ ਵੰਡ ਪ੍ਰਣਾਲੀ।

6 ਸਕੂਲ ਸਿੱਖਿਆ ਅਤੇ ਪਸ਼ੂ ਪਾਲਣ।

7 ਸਿਹਤ ਅਤੇ ਸੈਨੀਟੇਸ਼ਨ ਅਤੇ ਪਰਿਵਾਰ ਭਲਾਈ।

1.3 ਵਿੱਤੀ ਪ੍ਰਬੰਧਨ

1.3.1 ਪੰਚਾਇਤੀ ਰਾਜ ਸੰਸਥਾਵਾਂ ਨੂੰ ਫੰਡ ਵਹਾਅ

ਪੰਚਾਇਤੀ ਰਾਜ ਸੰਸਥਾਵਾਂ ਦੇ ਸ੍ਰੋਤ ਅਧਾਰ ਵਿੱਚ, ਰੱਖ ਰਖਾਵ/ਵਿਕਾਸ ਮੰਤਵਾਂ ਅਤੇ ਸਕੀਮਾਂ ਨੂੰ ਲਾਗੂ ਕਰਨ ਲਈ ਆਪਣੀਆਂ ਪ੍ਰਾਪਤੀਆਂ (ਆਪਣੇ ਕਰ, ਗੈਰ-ਕਰ ਆਦਿ) ਵਿੱਚ, ਰਾਜ ਵਿੱਤ ਕਮਿਸ਼ਨ (ਐਸ ਐਫ ਸੀ) ਦੀਆਂ ਗ੍ਰਾਂਟਾਂ, ਕੇਂਦਰੀ ਵਿੱਤ ਕਮਿਸ਼ਨ (ਸੀ ਐਫ ਸੀ) ਦੀਆਂ ਗ੍ਰਾਂਟਾਂ, ਰਾਜ ਸਰਕਾਰ ਦੀਆਂ ਗ੍ਰਾਂਟਾਂ ਅਤੇ ਕੇਂਦਰੀ ਸਰਕਾਰ ਦੀਆਂ ਗ੍ਰਾਂਟਾਂ ਸ਼ਾਮਲ ਹਨ। ਕੇਂਦਰ ਅਤੇ ਰਾਜ ਦੀਆਂ ਗ੍ਰਾਂਟਾਂ ਪੰਚਾਇਤੀ ਰਾਜ ਸੰਸਥਾਵਾਂ ਵੱਲੋਂ ਕੇਂਦਰੀ ਅਤੇ ਰਾਜ ਪ੍ਰਯੋਜਿਤ ਸਕੀਮਾਂ ਦੀ ਪਾਲਣਾ ਵਾਸਤੇ ਭਾਰਤ ਸਰਕਾਰ ਅਤੇ ਰਾਜ ਸਰਕਾਰ ਵੱਲੋਂ ਇਸ ਸਬੰਧੀ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਰਤੇ ਜਾਂਦੇ ਹਨ।

ਪ੍ਰਮੁੱਖ ਸਕੀਮਾਂ ਅਧੀਨ ਫੰਡ ਵਹਾਅ ਪ੍ਰਬੰਧ ਅਤੇ ਫੰਡਾਂ ਦੀ ਉਪਲਬਧਤਾ ਅਤੇ ਖਰਚੇ ਕ੍ਰਮਵਾਰ **ਸਾਰਣੀ 1.3** ਅਤੇ **ਸਾਰਣੀ 1.4** ਵਿੱਚ ਦਿੱਤੇ ਗਏ ਹਨ।

ਸਾਰਣੀ 1.3: ਵੱਖ-ਵੱਖ ਸਕੀਮਾਂ ਅਧੀਨ ਫੰਡ ਵਹਾਅ ਪ੍ਰਬੰਧ

ਲੜੀ ਨੰ.	ਸਕੀਮ ਦਾ ਨਾਅ	ਫੰਡ ਵਹਾਅ ਦਾ ਪ੍ਰਬੰਧ
1.	ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੋਜ਼ਗਾਰ ਗਾਰੰਟੀ ਸਕੀਮ (ਮਗਨਰੇਗਸ)	ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਅਪ੍ਰੈਲ 2008 ਤੋਂ ਇਸ ਸਕੀਮ ਨੂੰ ਲਾਗੂ ਕੀਤਾ ਜਾ ਰਿਹਾ ਹੈ। ਸਕੀਮ ਦਾ ਉਦੇਸ਼ ਹਰ ਉਸ ਪਰਿਵਾਰ ਨੂੰ ਜਿਸਦੇ ਬਾਲਗ ਮੈਂਬਰ ਹੱਥੀਂ ਗੈਰ-ਹੁਨਰਮੰਦ ਕੰਮ ਕਰਨ ਲਈ ਤਿਆਰ ਹੋਣ, ਇੱਕ ਵਿੱਤੀ ਸਾਲ ਦੌਰਾਨ ਘੱਟ ਤੋਂ ਘੱਟ 100 ਦਿਨਾਂ ਦਾ ਮਜ਼ਦੂਰੀ ਸਮੇਤ ਗਰੰਟੀਡ ਰੁਜ਼ਗਾਰ ਮੁਹੱਈਆ ਕਰਵਾ ਕੇ ਪੇਂਡੂ ਖੇਤਰਾਂ ਵਿੱਚ ਉਪਜੀਵਕਾ ਦੀ ਸੁਰੱਖਿਆ ਵਿੱਚ ਵਾਧਾ ਕਰਨਾ ਹੈ। ਪ੍ਰੋਗਰਾਮ ਦੀ 100 *ਪ੍ਰਤੀਸ਼ਤ* ਗੈਰ-ਹੁਨਰਮੰਦ ਮਜਦੂਰੀ ਲਾਗਤ ਜਮ੍ਹਾ ਮਟੀਰਿਅਲ ਲਾਗਤ ਦਾ 75 *ਪ੍ਰਤੀਸ਼ਤ* ਕੇਂਦਰ ਵੱਲੋਂ ਕੀਤਾ ਜਾਂਦਾ ਹੈ ਅਤੇ ਮਟੀਰਿਅਲ ਮੁੱਲ ਦਾ 25 *ਪ੍ਰਤੀਸ਼ਤ* ਰਾਜ ਵੱਲੋਂ ਸਹਿਣ ਕੀਤਾ ਜਾਂਦਾ ਹੈ।
2.	ਪ੍ਰਧਾਨ ਮੰਤਰੀ ਆਵਾਸ ਯੋਜਨਾ-ਗ੍ਰਾਮੀਣ (ਪੀ ਐਮ ਏ ਵਾਈ-ਜੀ) ਜੋਕਿ ਪਹਿਲਾਂ ਇੰਦਰਾ ਅਵਾਸ ਯੋਜਨਾ (ਆਈ ਏ ਵਾਈ) ਸੀ	ਪੀ ਐਮ ਏ ਵਾਈ-ਜੀ 2022 ਤੱਕ "ਸਭ ਨੂੰ ਮਕਾਨ" ਮੁਹੱਈਆ ਕਰਾਉਣ ਦੇ ਸਰਕਾਰ ਦੇ ਸੁਪਨੇ ਨੂੰ ਸਾਕਾਰ ਕਰਨ ਦੇ ਵਿਚਾਰ ਨਾਲ 01 ਅਪ੍ਰੈਲ 2016 ਨੂੰ ਹੋਂਦ ਵਿੱਚ ਲਿਆਂਦੀ ਗਈ। ਫੰਡ ਵਹਾਅ ਦਾ ਪ੍ਰਬੰਧ ਕੇਂਦਰ ਅਤੇ ਰਾਜ ਦੇ ਵਿਚਕਾਰ 60:40 ਹੈ।
3.	ਰਾਸ਼ਟਰੀ ਦਿਹਾਤੀ ਉਪਜੀਵਕਾ ਮਿਸ਼ਨ (ਐਨ ਆਰ ਐਲ ਐਮ)	ਐਨ ਆਰ ਐਲ ਐਮ ਦਾ ਮਿਸ਼ਨ ਗਰੀਬ ਪਰਿਵਾਰਾਂ ਨੂੰ ਲਾਹੇਵੰਦ ਸਵੈ-ਰੁਜ਼ਗਾਰ, ਹੁਨਰਮੰਦ ਵੇਜ ਰੁਜ਼ਗਾਰ ਦੇ ਮੌਕਿਆਂ ਤੱਕ ਪਹੁੰਚ ਦੇ ਕਾਬਲ ਬਣਾ ਕੇ ਅਤੇ ਇਸ ਦੇ ਨਤੀਜੇ ਵਜੋਂ ਗਰੀਬਾਂ ਲਈ ਮਜ਼ਬੂਤ ਸੰਸਥਾਵਾਂ ਦੀ ਉਸਾਰੀ ਰਾਹੀਂ ਉਨ੍ਹਾਂ ਦੀ ਉਪਜੀਵਕਾ ਵਿੱਚ ਸਥਾਈ ਤੌਰ ਤੇ ਚੌਖਾ ਸੁਧਾਰ ਕਰਕੇ ਗਰੀਬੀ ਘੱਟ ਕਰਨਾ ਹੈ। ਫੰਡ ਵਹਾਅ ਦਾ ਪ੍ਰਬੰਧ ਕੇਂਦਰ ਅਤੇ ਰਾਜ ਦੇ ਵਿਚਕਾਰ 60:40 ਹੈ।
4.	ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਜਾਈ ਯੋਜਨਾ (ਪੀ ਐਮ ਕੇ ਐਸ ਵਾਈ) ਜੋਕਿ ਪਹਿਲਾਂ ਇੰਟੀਗਰੇਟਿਡ ਵਾਟਰ ਸ਼ੈੱਡ ਪ੍ਰਬੰਧਨ ਪ੍ਰੋਗਰਾਮ (ਆਈ ਡਬਲਿਯੂ ਐਮ ਪੀ) ਸੀ।	ਸਕੀਮ ਦਾ ਮੁੱਖ ਉਦੇਸ਼ ਕੁਦਰਤੀ ਸਾਧਨਾਂ ਜਿਵੇਂ ਕਿ ਭੂਮੀ, ਬਨਸਪਤੀ ਪਰਤ, ਭੂਮੀਗਤ ਜਲ ਪੱਧਰ ਨੂੰ ਬਚਾਉਣਾ, ਸੰਭਾਲਣਾ ਤੇ ਵਿਕਾਸ ਕਰਨਾ; ਮਿੱਟੀ ਦੇ ਖੁਰਨ ਤੋਂ ਰੋਕਥਾਮ; ਰੇਨ ਵਾਟਰ ਹਾਰਵੈਸਟਿੰਗ ਅਤੇ ਭੂਮੀਗਤ ਜਲ ਨੂੰ ਰੀਚਾਰਜ਼ ਕਰਨਾ ਹੈ। ਫੰਡ ਵਹਾਅ ਦਾ ਪ੍ਰਬੰਧ ਕੇਂਦਰ ਅਤੇ ਰਾਜ ਦੇ ਵਿਚਕਾਰ 60:40 ਹੈ।

ਲੜੀ ਨੰ.	ਸਕੀਮ ਦਾ ਨਾਂਅ	ਫੰਡ ਵਹਾਅ ਦਾ ਪ੍ਰਬੰਧ
5.	ਰਾਸ਼ਟਰੀ ਆਰ ਯੂ ਆਰ ਬੀ ਏ ਐਨ ਮਿਸ਼ਨ (ਐਨ ਆਰ ਯੂ ਐਮ) ਅਧੀਨ ਸ਼ਿਆਮਾ ਪ੍ਰਸਾਦ ਮੁਖਰਜ਼ੀ ਆਰ ਯੂ ਆਰ ਬੀ ਏ ਐਨ ਮਿਸ਼ਨ (ਐਸ ਪੀ ਐਮ ਆਰ ਐਮ)	ਐਨ ਆਰ ਯੂ ਐਮ ਪਿੰਡਾਂ ਦੇ ਸਮੂਹ ਦੇ ਵਿਕਾਸ ਦੇ ਸੁਪਨੇ ਦੇ ਰਾਹ ਤੇ ਚਲਦਾ ਹੈ ਜੋ ਕਿ ਸ਼ਹਿਰੀ ਕਿਸਮ ਦੀਆਂ ਸਮਝੀਆਂ ਜਾਣ ਵਾਲੀਆਂ ਸਹੂਲਤਾਂ ਬਾਰੇ ਕੋਈ ਸਮਝੌਤਾ ਕੀਤੇ ਬਗੈਰ, ਨਿਆਂ ਅਤੇ ਸੰਮਿਲਤਤਾ ਤੇ ਕੇਂਦਰਿਤ ਹੁੰਦਿਆਂ, ਪੇਂਡੂ ਭਾਈਚਾਰਕ ਜਿੰਦਗੀ ਦੇ ਤੱਤ ਨੂੰ ਸੰਭਾਲਦਾ ਅਤੇ ਉਤਸ਼ਾਹਿਤ ਕਰਦਾ ਹੈ, ਅਤੇ ਇਸ ਤਰ੍ਹਾਂ ਆਰ ਯੂ ਆਰ ਬੀ ਏ ਐਨ ਪਿੰਡਾਂ ਦੇ ਸਮੂਹ ਦੀ ਸਿਰਜਣਾ ਕਰਦਾ ਹੈ। ਇਸ ਦਾ ਮੁੱਖ ਉਦੇਸ਼ ਸਥਾਨਕ ਆਰਥਿਕ ਵਿਕਾਸ ਨੂੰ ਉਤਸ਼ਾਹ ਦੇਣਾ, ਮੁਢਲੀਆਂ ਸੇਵਾਵਾਂ ਵਿੱਚ ਵਾਧਾ ਕਰਨਾ ਅਤੇ ਵਧੀਆ ਯੋਜਨਾਬੱਧ ਆਰ ਯੂ ਆਰ ਬੀ ਏ ਐਨ ਸਮੂਹਾਂ ਦੀ ਸਿਰਜਣਾ ਕਰਨਾ ਹੈ। ਇਹ ਸਕੀਮ 21 ਫਰਵਰੀ 2016 ਨੂੰ ਹੋਂਦ ਵਿੱਚ ਆਈ। ਵੱਖ-ਵੱਖ ਕੇਂਦਰੀ ਪ੍ਰਾਯੋਜਿਤ ਸਕੀਮਾਂ ਕੇਂਦਰੀ ਸੈਕਟਰ ਸਕੀਮਾਂ ਅਤੇ ਰਾਜ ਸਕੀਮਾਂ ਦੇ ਕਨਵਰਜੈਂਸ ਦੁਆਰਾ ਜੁਟਾਏ ਗਏ ਫੰਡਾਂ ਦੀ ਪੂਰਤੀ ਲਈ ਪ੍ਰੋਜੈਕਟ ਲਾਗਤ ਦਾ ਵੱਧ ਤੋਂ ਵੱਧ 30 *ਪ੍ਰਤੀਸ਼ਤ* ਕ੍ਰਿਟੀਕਲ ਗੈਪ ਫੰਡਿੰਗ ਵਜੋਂ ਪ੍ਰਦਾਨ ਕੀਤਾ ਜਾਵੇਗਾ।

ਸ੍ਰੋਤ: ਵਿਭਾਗੀ ਡਾਟਾ

ਸਾਰਣੀ 1.4: ਭਾਰਤ ਸਰਕਾਰ ਦੀਆਂ ਪ੍ਰਮੁੱਖ ਸਕੀਮਾਂ ਅਧੀਨ ਫੰਡਾਂ ਦੀ ਉਪਲਬਧਤਾ ਅਤੇ ਕੀਤੇ ਗਏ ਖਰਚੇ ਨੂੰ ਦਰਸਾਉਂਦੀ ਵਿਕਰਣੀ

(₹ ਕਰੋੜ ਵਿੱਚ)

ਸਾਲ	ਵੇਰਵੇ	ਮਕਨਰੇਗਸ	ਪੀ ਐਮ ਏ ਵਾਈ	ਐਨ ਆਰ ਐਲ ਐਮ	ਪੀ ਐਮ ਕੇ ਐਸ ਵਾਈ	ਐਸ ਪੀ ਐਮ ਆਰ ਐਮ (ਆਰ ਯੂ ਆਰ ਬੀ ਏ ਐਨ)
2019-20	ਫੰਡਾਂ ਦੀ ਉਪਲਬਧਤਾ	889.96	45.53	41.72	19.45	56.11
	ਖਰਚਾ	824.44	38.18	31.84	1.19	19.00
	ਘੱਟ ਵਰਤੋਂ ਦੀ ਪ੍ਰਤੀਸ਼ਤਤਾ	7.36	16.14	23.68	93.88	66.14
2020-21	ਫੰਡਾਂ ਦੀ ਉਪਲਬਧਤਾ	1393.37	89.85	42.66	16.54	71.30
	ਖਰਚਾ	1313.75	60.15	36.36	10.49	47.00
	ਘੱਟ ਵਰਤੋਂ ਦੀ ਪ੍ਰਤੀਸ਼ਤਤਾ	5.71	33.06	14.77	36.62	34.08
2021-22	ਫੰਡਾਂ ਦੀ ਉਪਲਬਧਤਾ	1446.13	60.07	53.94	4.58	46.78
	ਖਰਚਾ	1328.43	50.37	39.09	1.89	44.24
	ਘੱਟ ਵਰਤੋਂ ਦੀ ਪ੍ਰਤੀਸ਼ਤਤਾ	8.14	16.15	27.53	58.73	5.43

ਸ੍ਰੋਤ: ਵਿਭਾਗੀ ਡਾਟਾ

ਜਿਵੇਂ ਕਿ ਸਾਰਣੀਬੱਧ ਡਾਟੇ ਤੋਂ ਸਪੱਸ਼ਟ ਹੈ, ਉਪਲਬਧ ਫੰਡਾਂ ਦੀ ਘੱਟ ਵਰਤੋਂ ਪੰਜ *ਪ੍ਰਤੀਸ਼ਤ* ਅਤੇ 94 *ਪ੍ਰਤੀਸ਼ਤ* ਦੇ ਵਿਚਕਾਰ ਸੀ।

1.3.2 ਸਾਧਨਾਂ ਦੀ ਵਰਤੋਂ : ਰੁਝਾਨ ਅਤੇ ਰਚਨਾ

ਪੰਜਾਬ ਪੰਚਾਇਤੀ ਰਾਜ ਐਕਟ, 1994 ਦੀ ਧਾਰਾ 88, 149 ਅਤੇ 189 ਕ੍ਰਮਵਾਰ ਜੀ ਪੀਜ਼, ਪੀ ਐਸਜ਼ ਅਤੇ ਜ਼ੈਡ ਪੀਜ਼ ਦੁਆਰਾ ਉਕਤ ਐਕਟ ਦੀ ਧਾਰਾ 86, 138 ਅਤੇ 188 ਅਧੀਨ ਕਰ ਲਾਉਣ ਅਤੇ ਇਨ੍ਹਾਂ ਨੂੰ ਇਨ੍ਹਾਂ ਦੇ ਸਬੰਧਤ ਫੰਡਾਂ ਵਿੱਚ ਜਮ੍ਹਾਂ ਕਰਵਾਉਣ ਦੇ ਲਈ ਜਾਣ ਵਾਲੇ ਕਰ ਉਪਾਵਾਂ ਦੀ ਵਿਵਸਥਾ ਕਰਦਾ ਹੈ। ਇਨ੍ਹਾਂ ਅਧੀਨ, ਕੋਈ ਜੀ ਪੀ ਕਿਸੇ ਮਤੇ ਰਾਹੀਂ ਫੈਸਲਾ ਕਰਕੇ ਕਰ, ਡਿਊਟੀਆਂ, ਫੀਸਾਂ ਅਤੇ ਦਰਾਂ ਲਾਵੇਗਾ/ਲਾ ਸਕੇਗਾ ਪੰਜਾਬ ਪੰਚਾਇਤੀ ਰਾਜ (ਗਰਾਮ ਪੰਚਾਇਤ)

ਨਿਯਮਾਂਵਲੀ 2012 ਦਾ ਨਿਯਮ 30 ਜੋ ਕਿ ਇਸ ਐਕਟ ਅਧੀਨ ਬਣਾਏ ਕੋਈ ਨਿਯਮਾਂ ਜਾਂ ਰਾਜ ਸਰਕਾਰ ਦੁਆਰਾ ਕੀਤੇ ਕਿਸੇ ਹੋਰ ਆਦੇਸ਼ਾਂ ਦੇ ਅਧੀਨ ਹੋਵੇਗਾ। ਪੰਚਾਇਤ ਸੰਮਤੀ ਆਮ ਨਿਰਦੇਸ਼ਾਂ ਅਤੇ ਰਾਜ ਸਰਕਾਰ ਦੇ ਕੰਟਰੋਲ ਅਧੀਨ ਅਤੇ ਜ਼ਿਲ੍ਹਾ ਪ੍ਰੀਸ਼ਦ ਦੀ ਅਗਾਊ ਮਨਜ਼ੂਰੀ ਨਾਲ ਕਰ, ਟੋਲਜ਼, ਡਿਊਟੀਆਂ, ਸੈੱਸ, ਫੀਸਾਂ ਅਤੇ ਦਰਾਂ ਲਗਾ ਸਕਦੀ ਹੈ। ਇਸੇ ਤਰ੍ਹਾਂ, ਜ਼ਿਲ੍ਹਾ ਪ੍ਰੀਸ਼ਦ ਨੂੰ ਰਾਜ ਵਿੱਤ ਕਮਿਸ਼ਨ ਦੀ ਸਿਫਾਰਸ਼ ਨਾਲ ਰਾਜ ਸਰਕਾਰ ਦੁਆਰਾ ਕੋਈ ਕਰ, ਡਿਊਟੀ, ਫੀਸ, ਟੋਲ ਅਤੇ ਸੈੱਸ, ਜੋਕਿ ਕਿਸੇ ਵੀ ਜੀ ਪੀ ਜਾਂ ਪੀ ਐਸ ਦੁਆਰਾ ਨਹੀਂ ਲਾਈ ਗਈ, ਲਾਉਣ ਦੀ ਆਗਿਆ ਦਿੱਤੀ ਜਾ ਸਕਦੀ ਹੈ।

ਵਿਭਾਗ ਵਿੱਚ ਉਪਲਬਧ ਸਾਰੇ ਪੀ ਆਰ ਆਈਜ਼ ਦੀ ਵਿੱਤੀ ਸਥਿਤੀ ਬਾਰੇ ਕੋਈ ਕੇਂਦਰੀਕ੍ਰਿਤ ਡਾਟਾ ਉਪਲਬਧ ਨਹੀਂ ਸੀ। ਵਿਭਾਗ ਨੂੰ ਤਿੰਨ ਡਵੀਜ਼ਨਾਂ ਜਲੰਧਰ, ਫਿਰੋਜ਼ਪੁਰ ਅਤੇ ਪਟਿਆਲਾ ਵਿੱਚ ਵੰਡਿਆ ਗਿਆ ਹੈ ਜੋ ਆਪਣੇ ਅਧਿਕਾਰ ਖੇਤਰ ਵਿੱਚ ਆਉਣ ਵਾਲੇ ਜੈਡ ਪੀਜ਼, ਪੀ ਐਸਜ਼ ਅਤੇ ਜੀ ਪੀਜ਼ ਦੇ ਵਿੱਤਾਂ ਨਾਲ ਸਬੰਧਤ ਡਾਟਾ ਰੱਖਦੇ ਹਨ।

ਅਪ੍ਰੈਲ 2019 ਤੋਂ ਮਾਰਚ 2022 ਦੇ ਸਮੇਂ ਲਈ ਵੱਖ-ਵੱਖ ਮੱਦਾਂ ਅਧੀਨ ਪੀ ਆਰ ਆਈਜ਼ ਦੀ ਪ੍ਰਾਪਤੀ ਅਤੇ ਖਰਚਾ **ਸਾਰਣੀ 1.5** ਵਿੱਚ ਦਿੱਤਾ ਗਿਆ ਹੈ।

ਸਾਰਣੀ 1.5: 2019-20 ਤੋਂ 2021-22 ਲਈ ਪੀ ਆਰ ਆਈਜ਼ ਦੀ ਪ੍ਰਾਪਤੀ ਅਤੇ ਖਰਚੇ ਦੇ ਵੇਰਵੇ

(₹ ਕਰੋੜ ਵਿੱਚ)

	2019-20		2020-21		2021-22	
	ਪ੍ਰਾਪਤੀ	ਖਰਚਾ	ਪ੍ਰਾਪਤੀ	ਖਰਚਾ	ਪ੍ਰਾਪਤੀ	ਖਰਚਾ
ਆਪਣਾ ਰੈਵੀਨਿਊ	389.65	379.93	402.99	395.89	150.31	146.99
ਰਾਜ ਤੋਂ ਗ੍ਰਾਂਟਾਂ	138.93	138.93	396.80	370.22	470.52	391.97
ਕੇਂਦਰੀ ਗ੍ਰਾਂਟ 14ਵਾਂ ਐਫ ਸੀ	659.14	659.14	2275.39	2275.39	0	0
ਕੇਂਦਰੀ ਗ੍ਰਾਂਟ 15ਵਾਂ ਐਫ ਸੀ	0	0	694.00	111.30	1207.00	1026.05
ਹੋਰ ਪ੍ਰਾਪਤੀਆਂ (ਬੈਂਕ ਦਾ ਵਿਆਜ ਆਦਿ)	5.40	5.26	6.66	5.84	22.51	17.74
ਜੋੜ	**1193.12**	**1183.26**	**3775.84**	**3158.64**	**1855.34**	**1582.75**

ਸ੍ਰੋਤ: ਵਿਭਾਗੀ ਡਾਟਾ

ਲੇਖਾ ਪ੍ਰੀਖਿਆ ਨੇ ਪੀ ਆਰ ਆਈਜ਼ ਦੇ ਸਰੋਤਾਂ ਦਾ ਵੇਰਵਾ ਮੰਗਿਆ। ਹਾਲਾਂਕਿ, ਇਹ ਵੇਖਿਆ ਗਿਆ ਕਿ ਕੋਈ ਡਾਟਾ ਕੰਟਰੋਲ ਨਹੀਂ ਸੀ ਅਤੇ ਲੇਖਾ ਪ੍ਰੀਖਿਆ ਸਪਲਾਈ ਕੀਤੇ ਗਏ ਡਾਟਾ ਦੀ ਸ਼ੁੱਧਤਾ ਦਾ ਪਤਾ ਲਗਾਉਣ ਦੀ ਸਥਿਤੀ ਵਿੱਚ ਨਹੀਂ ਸੀ। ਉਦਾਹਰਣ ਲਈ, ਸਪਲਾਈ ਕੀਤੇ ਗਏ ਡਾਟੇ ਦੇ ਅਨੁਸਾਰ, 2019-20, 2020-21 ਅਤੇ 2021-22 ਲਈ ਪੀ ਆਰ ਆਈਜ਼ ਦਾ ਆਪਣਾ ਰੈਵੀਨਿਊ ਕ੍ਰਮਵਾਰ ₹ 389.65 ਕਰੋੜ, ₹ 402.99 ਕਰੋੜ ਅਤੇ ₹ 150.31 ਕਰੋੜ ਸੀ। 2021-22 ਵਿੱਚ ਅਚਾਨਕ ਆਈ ਗਿਰਾਵਟ ਦੀ ਵਿਆਖਿਆ ਨਹੀਂ ਕੀਤੀ ਗਈ ਸੀ।

1.3.3 ਸਥਾਨਕ ਸੰਸਥਾਵਾਂ ਨੂੰ ਗ੍ਰਾਂਟਾਂ-ਚੌਦਵੇਂ ਵਿੱਤ ਕਮਿਸ਼ਨ ਦੀਆਂ ਗ੍ਰਾਂਟਾਂ

ਚੌਦਵੇਂ ਵਿੱਤ ਕਮਿਸ਼ਨ (ਐਫ ਐਫ ਸੀ) ਦੀਆਂ ਸਿਫਾਰਸ਼ਾਂ ਅਨੁਸਾਰ, ਸਥਾਨਕ ਸੰਸਥਾਵਾਂ ਨੂੰ ਗ੍ਰਾਂਟਾਂ ਦੋ ਹਿੱਸਿਆ ਭਾਵ ਕਿ (i) ਮੁਢਲੀ ਗ੍ਰਾਂਟ (ਬੀ ਜੀ) ਅਤੇ (ii) ਕਾਰਗੁਜ਼ਾਰੀ ਗ੍ਰਾਂਟ (ਪੀ ਜੀ) ਵਿੱਚ 90:10 ਦੀ ਰੇਸ਼ੋ ਵਿੱਚ ਦਿੱਤੀ ਜਾਵੇਗੀ।

ਬੀ ਜੀ ਦਾ ਮੰਤਵ ਗ੍ਰਾਮ ਪੰਚਾਇਤ ਨੂੰ ਇਨ੍ਹਾਂ ਦੇ ਸਬੰਧਤ ਕਾਨੂੰਨਾਂ ਅਧੀਨ ਸੌਂਪੇ ਗਏ ਮੁਢਲੇ ਕਾਰਜ ਕਰਨ ਵਾਸਤੇ ਬਗੈਰ ਕਿਸੇ ਸ਼ਰਤ ਦੇ ਸਹਾਇਤਾ ਪ੍ਰਦਾਨ ਕਰਨਾ ਸੀ। ਇਹ ਗ੍ਰਾਂਟ ਗ੍ਰਾਮ ਪੰਚਾਇਤਾਂ, ਜੋ ਕਿ ਮੁਢਲੀਆਂ ਸੇਵਾਵਾਂ ਦੇਣ ਲਈ ਜ਼ਿੰਮੇਵਾਰ ਹਨ, ਨੂੰ ਬਗੈਰ ਕਿਸੇ ਹੋਰ ਪੱਧਰ ਦੇ ਹਿੱਸੇ ਦੇ ਸਿੱਧਿਆਂ ਹੀ ਦੇਣ ਦੀ ਸਿਫਾਰਸ਼ ਕੀਤੀ ਗਈ ਸੀ। ਪੀ ਜੀ ਦਾ ਮੰਤਵ ਲੇਖਾ ਪ੍ਰੀਖਿਆ ਕੀਤੇ ਭਰੋਸੇਯੋਗ ਲੇਖੇ, ਪ੍ਰਾਪਤੀਆਂ ਅਤੇ ਖਰਚੇ ਦੇ ਡਾਟੇ ਨੂੰ ਅਤੇ ਆਪਣੇ ਰੈਵੀਨਿਊ ਵਿੱਚ ਸੁਧਾਰ ਕਰਨ ਨੂੰ ਯਕੀਨੀ ਬਣਾਉਣ ਲਈ ਸੀ ਕਿਉਂਜੋ ਇਹ ਹੇਠਲੇ ਪੱਧਰ ਤੇ ਕਾਰਵਾਈ ਸ਼ੁਰੂ ਕਰਨ ਦੀ ਸਮਰੱਥਾ ਬਣਾਵੇਗਾ ਤਾਂ ਜੋ ਸਾਰੇ ਸਟੇਕਹੋਲਡਰਾਂ ਦੀ ਫੈਸਲੇ ਲੈਣ ਲਈ ਭਰੋਸੇਯੋਗ ਜਾਣਕਾਰੀ ਤੱਕ ਪਹੁੰਚ ਹੋਵੇ ਅਤੇ ਸਵੈ-ਸਰਕਾਰ ਸੰਸਥਾਵਾਂ ਦੀ ਲੋਕਾਂ ਨੂੰ ਜਵਾਬਦੇਹੀ ਵਿੱਚ ਵੀ ਵਾਧਾ ਹੋਵੇ।

1.3.3.1 ਗ੍ਰਾਂਟਾਂ ਦਾ ਦੇਰੀ ਨਾਲ ਜਾਰੀ ਹੋਣਾ

ਮੁਢਲੀ ਗ੍ਰਾਂਟ

ਐਫ ਐਫ ਸੀ ਦੇ ਸੰਚਾਲਨ ਦਿਸ਼ਾ-ਨਿਰਦੇਸ਼ਾਂ ਦੇ ਪੈਰ੍ਹਾ 19(i) ਦੇ ਨਾਲ ਪੜ੍ਹੀ ਗਈ ਐਫ ਐਫ ਸੀ ਦੀ ਰਿਪੋਰਟ ਦਾ ਪੈਰ੍ਹਾ 9.81 ਪ੍ਰਦਾਨ ਕਰਦਾ ਹੈ ਕਿ ਆਮ ਮੁਢਲੀ ਗ੍ਰਾਂਟ ਦਾ ਹਿੱਸਾ ਹਰ ਸਾਲ ਜੂਨ ਅਤੇ ਅਕਤੂਬਰ ਵਿੱਚ ਦੋ ਬਰਾਬਰ ਕਿਸ਼ਤਾਂ ਵਿੱਚ ਡਰਾਅ ਕੀਤਾ ਜਾਣਾ ਸੀ। ਇਸ ਤੋਂ ਬਾਅਦ ਦੂਜੀ ਕਿਸ਼ਤ ਨਿਰਧਾਰਤ ਫਾਰਮੈਟ ਵਿੱਚ ਪਿਛਲੀ ਕਿਸ਼ਤ ਦੇ ਵਰਤੋਂ ਸਰਟੀਫਿਕੇਟ (ਯੂ ਸੀ) ਪ੍ਰਾਪਤ ਹੋਣ ਤੋਂ ਬਾਅਦ ਹੀ ਜਾਰੀ ਕੀਤੀ ਜਾਵੇਗੀ। ਰਾਜ ਸਰਕਾਰ ਲਈ ਲੋੜੀਂਦਾ ਸੀ ਕਿ ਉਹ ਸੰਘ ਸਰਕਾਰ ਦੁਆਰਾ ਉਨਾਂ ਦੇ ਖਾਤੇ ਵਿੱਚ ਰਾਸ਼ੀ ਜਮ੍ਹਾਂ ਕਰਵਾਏ ਜਾਣ ਦੇ ਪੰਦਰਾਂ ਦਿਨਾਂ ਦੇ ਅੰਦਰ-ਅੰਦਰ ਗ੍ਰਾਂਟ ਜਾਰੀ ਕਰੇ। ਦੇਰੀ ਦੀ ਸਥਿਤੀ ਵਿੱਚ, ਰਾਜ ਸਰਕਾਰ ਲਈ ਬਣਦਾ ਸੀ ਕਿ ਉਹ ਦੇਰੀ ਦੇ ਦਿਨਾਂ ਦੀ ਸੰਖਿਆ ਲਈ ਭਾਰਤੀ ਰਿਜ਼ਰਵ ਬੈਂਕ ਦੀ ਬੈਂਕ ਦਰ ਨਾਲ ਵਿਆਜ ਸਮੇਤ ਕਿਸ਼ਤ ਜਾਰੀ ਕਰਨ ਦੀ ਲੋੜ ਸੀ। ਸਾਲ 2019-20 ਲਈ ਮੁਢਲੀ ਗ੍ਰਾਂਟ ਦੀ ਵੰਡ ਅਤੇ ਜਾਰੀ ਕਰਨ ਦੀ ਸਥਿਤੀ **ਸਾਰਣੀ 1.6** ਵਿੱਚ ਦਿੱਤੀ ਗਈ ਹੈ।

ਸਾਰਣੀ 1.6: ਮੁਢਲੀ ਗ੍ਰਾਂਟ

(₹ ਕਰੋੜ ਵਿੱਚ)

ਸਾਲ	ਭਾਰਤ ਸਰਕਾਰ ਦੁਆਰਾ ਜਾਰੀ ਕੀਤੀ ਗਈ ਰਾਸ਼ੀ		ਪੰਜਾਬ ਸਰਕਾਰ ਦੁਆਰਾ ਜਾਰੀ ਕੀਤੀ ਗਈ ਰਾਸ਼ੀ		ਪੰਜਾਬ ਸਰਕਾਰ ਦੁਆਰਾ ਪਹਿਲੀ ਅਤੇ ਦੂਜੀ ਕਿਸ਼ਤ ਜਾਰੀ ਕਰਨ ਵਿੱਚ ਦੇਰੀ (ਦਿਨਾਂ ਵਿੱਚ)	ਪੰਜਾਬ ਸਰਕਾਰ ਦੁਆਰਾ ਦੇਰੀ ਦੇ ਕਾਰਨ ਵਿਆਜ ਦੀ ਰਾਸ਼ੀ ਜਾਰੀ ਕੀਤੀ ਗਈ
	ਪਹਿਲੀ ਕਿਸ਼ਤ (ਜਾਰੀ ਕਰਨ ਦੀ ਮਿਤੀ)	ਦੂਜੀ ਕਿਸ਼ਤ (ਜਾਰੀ ਕਰਨ ਦੀ ਮਿਤੀ)	ਪਹਿਲੀ ਕਿਸ਼ਤ (ਜਾਰੀ ਕਰਨ ਦੀ ਮਿਤੀ)	ਦੂਜੀ ਕਿਸ਼ਤ (ਜਾਰੀ ਕਰਨ ਦੀ ਮਿਤੀ)		
2019-20	552.29 (23.9.2020)	552.29 (23.09.2020)	552.29 (09.11.2020 ਤੋਂ 23.12.2020)	552.29 (09.11.2020 ਤੋਂ 23.12.2020)	31 ਤੋਂ 75 ਦਿਨ	10.97

ਸ੍ਰੋਤ: ਵਿਭਾਗੀ ਡਾਟਾ

ਸਾਰਣੀ 1.6 ਦਰਸਾਉਂਦੀ ਹੈ ਕਿ ਸਾਲ 2019-20 ਲਈ ਮੁਢਲੀ ਗ੍ਰਾਂਟਾਂ ਦੀ ਪਹਿਲੀ ਅਤੇ ਦੂਜੀ ਕਿਸ਼ਤ ਰਾਜ ਸਰਕਾਰ ਦੁਆਰਾ 31 ਤੋਂ 75 ਦਿਨਾਂ ਦੀ ਦੇਰੀ ਨਾਲ ਜਾਰੀ ਕੀਤੀ ਗਈ ਸੀ। ਹਾਲਾਂਕਿ, ਰਾਜ ਸਰਕਾਰ ਨੇ ਉਪਰੋਕਤ ਗ੍ਰਾਂਟ ਜਾਰੀ ਕਰਨ ਵਿੱਚ ਦੇਰੀ ਦੇ ਕਾਰਨ ਵਿਆਜ ਦਾ ਭੁਗਤਾਨ ਕੀਤਾ ਸੀ, ਪਰ ਇਸ ਦੇਰੀ ਦੇ ਨਤੀਜੇ ਵਜੋਂ ਇਹ ਫੰਡ ਗ੍ਰਾਮ ਪੰਚਾਇਤਾਂ ਕੋਲ ਉਪਲਬਧ ਨਹੀਂ ਸਨ, ਇਸ ਤਰ੍ਹਾਂ, ਬੁਨਿਆਦੀ ਨਾਗਰਿਕ ਸੇਵਾਵਾਂ ਦੀ ਸਥਿਤੀ ਨੂੰ ਸੁਧਾਰਨ ਲਈ ਗ੍ਰਾਮ ਪੰਚਾਇਤਾਂ ਨੂੰ ਸਹਾਇਤਾ ਪ੍ਰਦਾਨ ਕਰਨ ਦੀ ਵਿੱਤ ਕਮਿਸ਼ਨਾਂ ਦੀ ਭਾਵਨਾ ਅਸਫਲ ਹੋ ਗਈ ਅਤੇ ਰਾਜ ਦੇ ਖਜ਼ਾਨੇ ਤੇ ਬੇਲੋੜੇ ਬੋਝ ਦਾ ਕਾਰਣ ਬਣਦਾ ਹੈ।

1.3.4 ਸਥਾਨਕ ਸੰਸਥਾਵਾਂ ਨੂੰ ਗ੍ਰਾਂਟ-ਪੰਦਰ੍ਹਵੇਂ ਵਿੱਤ ਕਮਿਸ਼ਨ ਦੀਆਂ ਗ੍ਰਾਂਟਾਂ

ਪੰਦਰ੍ਹਵੇਂ ਵਿੱਤ ਕਮਿਸ਼ਨ ਨੇ ਸਿਫਾਰਸ਼ ਕੀਤੀ ਕਿ ਪੰਚਾਇਤੀ ਰਾਜ ਸੰਸਥਾਵਾਂ ਲਈ ਨਿਰਧਾਰਤ ਕੁੱਲ ਗ੍ਰਾਂਟਾਂ ਵਿੱਚੋਂ, 60 *ਪ੍ਰਤੀਸ਼ਤ* ਦੀ ਵਰਤੋਂ ਪੀਣ ਵਾਲੇ ਪਾਣੀ ਦੀ ਸਪਲਾਈ, ਮੀਂਹ ਦੇ ਪਾਣੀ ਦੀ ਸੰਭਾਲ ਅਤੇ ਸੈਨੀਟੇਸ਼ਨ (ਟਾਈਡ ਗ੍ਰਾਂਟਾਂ) ਵਰਗੀਆਂ ਰਾਸ਼ਟਰੀ ਤਰਜੀਹਾਂ ਲਈ ਕੀਤੀ ਜਾਣੀ ਹੈ ਅਤੇ 40 *ਪ੍ਰਤੀਸ਼ਤ* ਦੀ ਵਰਤੋਂ ਮੁਢਲੀਆਂ ਸੇਵਾਵਾਂ (ਅਣ ਟਾਈਡ ਗ੍ਰਾਂਟਾਂ) ਵਿੱਚ ਸੁਧਾਰ ਲਈ ਪੀ ਆਰ ਆਈਜ਼ ਦੀ ਮਰਜ਼ੀ ਅਨੁਸਾਰ ਕੀਤੀ ਜਾਣੀ ਚਾਹੀਦੀ ਹੈ।

ਪੰਦਰ੍ਹਵੇਂ ਵਿੱਤ ਕਮਿਸ਼ਨ ਨੇ ਇਹ ਵੀ ਸਿਫਾਰਸ਼ ਕੀਤੀ ਕਿ ਗ੍ਰਾਂਟਾਂ ਜਾਰੀ ਕਰਨ ਲਈ ਯੋਗਤਾ ਦੀਆਂ ਸ਼ਰਤਾਂ ਦਾ ਪਤਾ ਲਗਾਉਣ ਤੋਂ ਬਾਅਦ ਪੇਂਡੂ ਸਥਾਨਕ ਸੰਸਥਾਵਾਂ ਲਈ ਗ੍ਰਾਂਟਾਂ ਹਰ ਸਾਲ ਜੂਨ ਅਤੇ ਅਕਤੂਬਰ ਵਿੱਚ ਦੋ ਬਰਾਬਰ ਕਿਸ਼ਤਾਂ ਵਿੱਚ ਜਾਰੀ ਕੀਤੀਆਂ ਜਾਣਗੀਆਂ। ਰਾਜ ਸਰਕਾਰ ਕੇਂਦਰ ਸਰਕਾਰ ਦੁਆਰਾ ਗ੍ਰਾਂਟ ਜਾਰੀ ਹੋਣ ਦੇ ਦਸ ਕਾਰਜਕਾਰੀ ਦਿਨਾਂ ਦੇ ਅੰਦਰ ਪੀ ਆਰ ਆਈਜ਼ ਨੂੰ ਟਰਾਂਸਫਰ ਕਰੇਗੀ। ਦਸ ਕੰਮਕਾਜੀ ਦਿਨਾਂ ਤੋਂ ਵੱਧ ਦੀ ਕਿਸੇ ਵੀ ਦੇਰੀ ਲਈ ਰਾਜ ਸਰਕਾਰ ਨੂੰ ਪਿਛਲੇ ਸਾਲ ਦੇ ਮਾਰਕੀਟ ਉਧਾਰਾਂ/ਰਾਜ ਵਿਕਾਸ ਕਰਜ਼ਿਆਂ (ਐਸ ਡੀ ਐਲਜ਼) 'ਤੇ ਵਿਆਜ ਦੀ ਪ੍ਰਭਾਵੀ ਦਰ ਦੇ ਅਨੁਸਾਰ ਵਿਆਜ ਸਮੇਤ ਜਾਰੀ ਕਰਨ ਦੀ ਲੋੜ ਪਵੇਗੀ।

ਸਾਲ 2020-21 ਅਤੇ 2021-22 ਲਈ ਟਾਈਡ ਅਤੇ ਅਣ-ਟਾਈਡ ਗ੍ਰਾਂਟਾਂ ਦੀ ਵੰਡ, ਪ੍ਰਾਪਤੀ ਅਤੇ ਜਾਰੀ ਕਰਨ ਦੀ ਸਥਿਤੀ **ਸਾਰਣੀ 1.7** ਵਿੱਚ ਦਿੱਤੀ ਗਈ ਹੈ।

ਸਾਰਣੀ 1.7: 2020-21 ਅਤੇ 2021-22 ਦੀ ਮਿਆਦ ਲਈ (ਪੰਦਰ੍ਹਵਾਂ ਵਿੱਤ ਕਮਿਸ਼ਨ) ਟਾਈਡ ਅਤੇ ਅਣ-ਟਾਈਡ ਗ੍ਰਾਂਟ ਦੀ ਵੰਡ ਪ੍ਰਾਪਤੀ ਅਤੇ ਜਾਰੀ ਕਰਨ ਦੀ ਸਥਿਤੀ

(₹ ਕਰੋੜ ਵਿੱਚ)

ਸਾਲ	ਜੀ ਓ ਆਈ ਦੁਆਰਾ ਵੰਡ	ਜੀ ਓ ਆਈ ਵੱਲੋਂ ਜਾਰੀ ਕੀਤੀ ਰਾਸ਼ੀ		ਜੀ ਓ ਪੀ ਵੱਲੋਂ ਜਾਰੀ ਕੀਤੀ ਰਾਸ਼ੀ		ਜੀ ਓ ਪੀ ਵੱਲੋਂ ਪਹਿਲੀ ਕਿਸ਼ਤ ਜਾਰੀ ਕਰਨ ਵਿੱਚ ਦੇਰੀ (ਦਿਨਾਂ ਵਿੱਚ)	ਦੇਰੀ ਕਾਰਨ ਜੀ ਓ ਪੀ ਦੁਆਰਾ ਜਾਰੀ ਕੀਤੀ ਗਈ ਵਿਆਜ ਦੀ ਰਾਸ਼ੀ	ਜੀ ਓ ਪੀ ਵੱਲੋਂ ਦੂਜੀ ਕਿਸ਼ਤ ਜਾਰੀ ਕਰਨ ਵਿੱਚ ਦੇਰੀ (ਦਿਨਾਂ ਵਿੱਚ)	ਦੇਰੀ ਕਾਰਨ ਜੀ ਓ ਪੀ ਦੁਆਰਾ ਜਾਰੀ ਕੀਤੀ ਗਈ ਵਿਆਜ ਦੀ ਰਾਸ਼ੀ
		ਪਹਿਲੀ ਕਿਸ਼ਤ (ਜਾਰੀ ਕਰਨ ਦੀ ਮਿਤੀ)	ਦੂਜੀ ਕਿਸ਼ਤ (ਜਾਰੀ ਕਰਨ ਦੀ ਮਿਤੀ)	ਪਹਿਲੀ ਕਿਸ਼ਤ (ਜਾਰੀ ਕਰਨ ਦੀ ਮਿਤੀ)	ਦੂਜੀ ਕਿਸ਼ਤ (ਜਾਰੀ ਕਰਨ ਦੀ ਮਿਤੀ)				
2020-21	694.00 (ਅਣ ਟਾਈਡ)	347.00 17.06.2020 (ਕੋਈ ਦੇਰੀ ਨਹੀਂ)	347.00 31.03.2021 5 ਮਹੀਨੇ	347.00 13.08.2020	347.00 23.04.21 ਤੋਂ 28.12.2021	43 ਦਿਨ	2.96	3 ਤੋਂ 252 ਦਿਨ (2021-22)	4.11
	694.00 (ਟਾਈਡ)	347.00 15.07.2020 (1 ਮਹੀਨੇ 15 ਦਿਨ)	347.00 07.05.2021 6 ਮਹੀਨੇ 7 ਦਿਨ (ਵਿੱਚ ਜਾਰੀ 2021-22)	347.00 27.07.2020	347.00 05.08.2021 ਤੋਂ 28.12.2021	ਕੋਈ ਦੇਰੀ ਨਹੀਂ	0	72 ਤੋਂ 217 ਦਿਨ (2021-22)	4.48

ਸਾਲ	ਜੀ ਓ ਆਈ ਦੁਆਰਾ ਫੰਡ	ਜੀ ਓ ਆਈ ਵੱਲੋਂ ਜਾਰੀ ਕੀਤੀ ਰਾਸ਼ੀ		ਜੀ ਓ ਪੀ ਵੱਲੋਂ ਜਾਰੀ ਕੀਤੀ ਰਾਸ਼ੀ		ਜੀ ਓ ਪੀ ਵੱਲੋਂ ਪਹਿਲੀ ਕਿਸ਼ਤ ਜਾਰੀ ਕਰਨ ਵਿੱਚ ਦੇਰੀ (ਦਿਨਾਂ ਵਿੱਚ)	ਦੇਰੀ ਕਾਰਨ ਜੀ ਓ ਪੀ ਦੁਆਰਾ ਜਾਰੀ ਕੀਤੀ ਗਈ ਵਿਆਜ ਦੀ ਰਾਸ਼ੀ	ਜੀ ਓ ਪੀ ਵੱਲੋਂ ਦੂਸਰੀ ਕਿਸ਼ਤ ਜਾਰੀ ਕਰਨ ਵਿੱਚ ਦੇਰੀ (ਦਿਨਾਂ ਵਿੱਚ)	ਦੇਰੀ ਕਾਰਨ ਜੀ ਓ ਪੀ ਦੁਆਰਾ ਜਾਰੀ ਕੀਤੀ ਗਈ ਵਿਆਜ ਦੀ ਰਾਸ਼ੀ
		ਪਹਿਲੀ ਕਿਸ਼ਤ (ਜਾਰੀ ਕਰਨ ਦੀ ਮਿਤੀ)	ਦੂਜੀ ਕਿਸ਼ਤ (ਜਾਰੀ ਕਰਨ ਦੀ ਮਿਤੀ)	ਪਹਿਲੀ ਕਿਸ਼ਤ (ਜਾਰੀ ਕਰਨ ਦੀ ਮਿਤੀ)	ਦੂਜੀ ਕਿਸ਼ਤ (ਜਾਰੀ ਕਰਨ ਦੀ ਮਿਤੀ)				
2021-22	410.40 (ਅਣ ਟਾਈਡ)	205.20 08.05.2021 (ਕੋਈ ਦੇਰੀ ਨਹੀਂ)	205.20 (29.03.2022) 5 ਮਹੀਨੇ 29 ਦਿਨ	205.20 (12.07 2021 ਤੋਂ 28.12.2021)	205.20 (06.05 2022 ਤੋਂ 07.05.2022)	(48 ਤੋਂ 217 ਦਿਨ)	2.39	(22 ਤੋਂ 23 ਦਿਨ)	0.84
	615.60 (ਟਾਈਡ)	307.80 27.08.2021 (88 ਦਿਨ) (2 ਮਹੀਨੇ 27 ਦਿਨ)	307.80 (26.09.2022) 2022-23 ਵਿੱਚ ਜਾਰੀ (11 ਮਹੀਨੇ 26 ਦਿਨ)	307.80 (24.11.2021 ਤੋਂ 09.3.2022)	307.80 (11.10.2022)	(71 ਤੋਂ 176 ਦਿਨ)	4.28	ਨਿੱਲ	0

ਨੋਟ: 2021-22 ਦੀ ₹ 307.80 ਕਰੋੜ ਰਾਸ਼ੀ ਦੀ ਦੂਜੀ ਕਿਸ਼ਤ 2022-23 ਵਿੱਚ ਜਾਰੀ ਕੀਤੀ ਗਈ ਸੀ

ਸਾਰਣੀ 1.7 ਦਰਸਾਉਂਦੀ ਹੈ ਕਿ ਗ੍ਰਾਂਟ ਜਾਰੀ ਕਰਨ ਵਿੱਚ ਤਿੰਨ ਤੋਂ 252 ਦਿਨਾਂ ਦੀ ਦੇਰੀ ਹੋਈ ਸੀ। ਹਾਲਾਂਕਿ, ਰਾਜ ਸਰਕਾਰ ਨੇ ਗ੍ਰਾਂਟ ਜਾਰੀ ਕਰਨ ਵਿੱਚ ਦੇਰੀ ਕਰਕੇ ₹ 19.06 ਕਰੋੜ ਦੇ ਵਿਆਜ ਦਾ ਭੁਗਤਾਨ ਕੀਤਾ ਸੀ, ਪਰ ਦੇਰੀ ਦੇ ਨਤੀਜੇ ਵਜੋਂ ਇਹ ਫੰਡ ਜੀ ਪੀਜ਼ ਕੋਲ ਉਪਲਬਧ ਨਹੀਂ ਸਨ, ਜਿਸ ਨਾਲ ਬੁਨਿਆਦੀ ਨਾਗਰਿਕ ਸੇਵਾਵਾਂ ਦੀ ਸਥਿਤੀ ਵਿੱਚ ਸੁਧਾਰ ਲਿਆਉਣ ਲਈ ਗ੍ਰਾਮ ਪੰਚਾਇਤਾਂ ਨੂੰ ਸਹਾਇਤਾ ਪ੍ਰਦਾਨ ਕਰਨ ਦੀ ਵਿੱਤ ਕਮਿਸ਼ਨਾਂ ਦੀ ਭਾਵਨਾ ਅਸਫਲ ਹੋ ਗਈ।

ਲੇਖਾ ਪ੍ਰੀਖਿਆ ਵਿੱਚ ਅੱਗੇ ਵੇਖਿਆ ਗਿਆ ਕਿ ਵਿਭਾਗ ਨੇ 15$^{ਵੇਂ}$ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਵਿੱਤ ਵਿਭਾਗ ਤੋਂ ਗ੍ਰਾਂਟ ਪ੍ਰਾਪਤ ਕਰਨ ਵਿੱਚ ਦੇਰੀ ਕਾਰਨ ₹ 1.31 ਕਰੋੜ ਦੇ ਘੱਟ ਵਿਆਜ ਦਾ ਦਾਅਵਾ ਕੀਤਾ ਹੈ।

ਗ੍ਰਾਂਟ ਜਾਰੀ ਕਰਨ ਵਿੱਚ ਦੇਰੀ ਅਤੇ ਵਿਆਜ ਦੇ ਘੱਟ ਦਾਅਵੇ ਦੇ ਕਾਰਨਾਂ ਦੀ ਵਿੱਤ ਵਿਭਾਗ ਤੋਂ ਉਡੀਕ ਕੀਤੀ ਜਾ ਰਹੀ ਹੈ।

1.4 ਪੀ ਆਰ ਆਈਜ਼ (ਅੰਦਰੂਨੀ ਨਿਯੰਤਰਣ ਪ੍ਰਣਾਲੀ) ਦਾ ਜਵਾਬਦੇਹੀ ਢਾਂਚਾ

ਇੱਕ ਮਜ਼ਬੂਤ ਅੰਦਰੂਨੀ ਨਿਯੰਤਰਣ ਪ੍ਰਣਾਲੀ ਰਾਜ ਸਰਕਾਰ ਦੁਆਰਾ ਸਥਾਨਕ ਸੰਸਥਾਵਾਂ ਦੇ ਕੁਸ਼ਲ ਅਤੇ ਪ੍ਰਭਾਵਸ਼ਾਲੀ ਸ਼ਾਸਨ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੀ ਹੈ। ਵਿੱਤੀ ਨਿਯਮਾਂ ਪ੍ਰਕਿਰਿਆਵਾਂ ਅਤੇ ਨਿਰਦੇਸ਼ਾਂ ਦੀ ਪਾਲਣਾ ਦੇ ਨਾਲ-ਨਾਲ ਅਜਿਹੀ ਪਾਲਣਾ ਦੀ ਸਥਿਤੀ ਬਾਰੇ ਰਿਪੋਰਟਿੰਗ ਦੀ ਸਮਾਂ-ਸੀਮਾ ਅਤੇ ਗੁਣਵੱਤਾ, ਇਸ ਤਰ੍ਹਾਂ, ਚੰਗੇ ਸ਼ਾਸਨ ਦੇ ਗੁਣਾਂ ਵਿੱਚੋਂ ਇੱਕ ਹੈ।

ਪੰਜਾਬ ਸਥਾਨਕ ਲੇਖਾ ਪ੍ਰੀਖਿਆ ਵਿਭਾਗ ਜਿਸ ਦੀ ਅਗਵਾਈ ਐਗਜ਼ਾਮੀਨਰ, ਲੋਕਲ ਫੰਡ ਅਕਾਊਂਟ (ਏ ਐਲ ਐਫ ਏ) ਕਰਦਾ ਹੈ, ਵਿੱਤ ਵਿਭਾਗ ਦੇ ਪ੍ਰਬੰਧਕੀ ਨਿਯੰਤਰਣ ਅਧੀਨ ਹੈ। ਈ ਐਲ ਐਫ ਏ ਵੱਖ-ਵੱਖ ਸਥਾਨਕ ਫੰਡਾਂ ਦੇ ਲੇਖਿਆ ਦੀ ਲੇਖਾ ਪ੍ਰੀਖਿਆ ਲਈ ਜ਼ਿੰਮੇਵਾਰ ਹੈ ਜਿਸ ਦਾ ਇਹ ਜਾਂ ਤਾਂ ਕਾਨੂੰਨੀ ਲੇਖਾ ਪਰੀਖਕ ਹੈ ਜਾਂ ਜਿਸ ਦੀ ਲੇਖਾ ਪ੍ਰੀਖਿਆ ਇਸ ਨੂੰ ਸੌਂਪੀ ਗਈ ਹੈ।

1.4.1 ਪੀ ਆਰ ਆਈਜ਼ ਦੀ ਮੁਢਲੀ ਲੇਖਾ ਪ੍ਰੀਖਿਆ

ਏ ਐਲ ਐਫ ਏ ਨੂੰ ਪੀ ਆਰ ਆਈਜ਼ ਦੇ ਸਾਰੇ ਪੱਧਰਾਂ ਦੀ ਲੇਖਾ ਪ੍ਰੀਖਿਆ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ। ਜ਼ੈਡ ਪੀਜ਼ ਅਤੇ ਪੀ ਐਸਜ਼ ਦੀ ਲੇਖਾ ਪ੍ਰੀਖਿਆ ਪੰਜਾਬ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦ ਵਿੱਤ, ਬਜਟ ਅਤੇ ਲੇਖਾ ਨਿਯਮ, 2014 ਅਧੀਨ ਕੀਤਾ ਜਾਂਦਾ ਹੈ ਜਦਕਿ ਜੀ ਪੀਜ਼ ਦੀ

ਲੇਖਾ ਪ੍ਰੀਖਿਆ ਪੰਜਾਬ ਗ੍ਰਾਮ ਪੰਚਾਇਤ ਐਕਟ, 1994 ਅਧੀਨ ਬਣਾਏ ਗਏ ਪੰਜਾਬ ਗ੍ਰਾਮ ਪੰਚਾਇਤ ਨਿਯਮ, 2012 ਅਧੀਨ ਕੀਤੀ ਜਾਂਦੀ ਹੈ। ਲੇਖਾ ਪ੍ਰੀਖਿਆ ਲਈ ਯੋਜਨਾਬੱਧ ਇਕਾਈਆਂ, ਦੀ ਸਥਿਤੀ ਲੇਖਾ ਪ੍ਰੀਖਿਆ ਲਈ ਲੋੜੀਂਦੀਆ ਇਕਾਈਆਂ ਅਤੇ 2019-22 ਦੌਰਾਨ ਅਸਲ ਵਿੱਚ ਲੇਖਾ ਪ੍ਰੀਖਿਆ ਕੀਤੀਆਂ ਗਈਆਂ ਇਕਾਈਆਂ ਦੀ ਸਥਿਤੀ **ਸਾਰਣੀ 1.8** ਵਿੱਚ ਦਿੱਤੀ ਗਈ ਹੈ।

ਸਾਰਣੀ 1.8: 2019-22 ਦੇ ਸਮੇਂ ਦੌਰਾਨ ਈ ਐਲ ਐਫ ਏ ਦੁਆਰਾ ਯੋਜਨਾਬੱਧ ਅਤੇ ਲੇਖਾ ਪ੍ਰੀਖਿਆ ਕੀਤੀਆਂ ਇਕਾਈਆਂ ਦਾ ਵੇਰਵਾ

ਪੀ ਆਰ ਆਈ ਦਾ ਨਾਮ	ਕੁੱਲ ਇਕਾਈਆਂ ਦੀ ਸੰਖਿਆ	ਨਿਯਮਾਂ ਅਧੀਨ ਲੇਖਾ ਪ੍ਰੀਖਿਆ ਕਰਨ ਲਈ ਲੋੜੀਂਦੀਆਂ ਇਕਾਈਆਂ ਦੀ ਸੰਖਿਆ	ਲੇਖਾ ਪ੍ਰੀਖਿਆ ਲਈ ਯੋਜਨਾਬੱਧ ਇਕਾਈਆਂ ਦੀ ਸੰਖਿਆ	ਲੇਖਾ ਪ੍ਰੀਖਿਆ ਕੀਤੀਆਂ ਇਕਾਈਆਂ ਦੀ ਸੰਖਿਆ	ਕਾਲਮ(3) ਵਿੱਚੋਂ ਲੇਖਾ ਪ੍ਰੀਖਿਆ ਨਾ ਕੀਤੀਆਂ ਗਈਆਂ ਇਕਾਈਆਂ ਦੀ ਸੰਖਿਆ	ਕੁੱਲ ਇਕਾਈਆਂ ਦੇ ਮੁਕਾਬਲੇ ਯੋਜਨਾਬੱਧ ਇਕਾਈਆਂ ਵਿੱਚ ਕਮੀ ਦੀ ਪ੍ਰਤੀਸ਼ਤਤਾ	ਯੋਜਨਾ ਅਨੁਸਾਰ ਲੇਖਾ ਪ੍ਰੀਖਿਆ ਨਾ ਕੀਤੀਆਂ ਗਈਆਂ ਇਕਾਈਆਂ ਦੀ ਸੰਖਿਆ	ਯੋਜਨਾਬੱਧ ਇਕਾਈਆਂ ਦੇ ਮੁਕਾਬਲੇ ਲੇਖਾ ਪ੍ਰੀਖਿਆ ਕੀਤੀਆਂ ਇਕਾਈਆਂ ਵਿੱਚ ਕਮੀ ਦੀ ਪ੍ਰਤੀਸ਼ਤਤਾ
(1)	(2)	(3)	(4)	(5)	(6)	(7)=(3)-(4)	(8)=(4)-(5)	(9)
2019-20								
ਜ਼ਿਲ੍ਹਾ ਪ੍ਰੀਸ਼ਦ	22	22	03	00	22	86.36	03	100.00
ਪੰਚਾਇਤ ਸੰਮਤੀ	150	150	10	05	145	93.33	05	50.00
ਗ੍ਰਾਮ ਪੰਚਾਇਤ	13264	13264	07	04	13260	99.94	03	42.86
ਜੋੜ	**13436**	**13436**	**20**	**09**	**13427**		**11**	
2020-21								
ਜ਼ਿਲ੍ਹਾ ਪ੍ਰੀਸ਼ਦ	22	22	03	02	20	86.36	01	33.33
ਪੰਚਾਇਤ ਸੰਮਤੀ	150	150	09	05	145	94.00	04	44.44
ਗ੍ਰਾਮ ਪੰਚਾਇਤ	13264	13264	07	3517	9747	99.94	00	-
ਜੋੜ	**13436**	**13436**	**19**	**3524**	**9912**		**5**	-
2021-22								
ਜ਼ਿਲ੍ਹਾ ਪ੍ਰੀਸ਼ਦ	22	22	02	00	20	90.90	02	100.00
ਪੰਚਾਇਤ ਸੰਮਤੀ	150	150	07	03	147	95.33	04	57.14
ਗ੍ਰਾਮ ਪੰਚਾਇਤ	13263	13263	5000	3154	10109	62.30	1846	36.92
ਜੋੜ	**13435**	**13435**	**5009**	**3157**	**10276**		**1852**	-

ਸ੍ਰੋਤ: ਈ ਐਲ ਐਫ ਏ ਦੁਆਰਾ ਪ੍ਰਦਾਨ ਕੀਤਾ ਡਾਟਾ

ਜਿੱਥੋ ਤੱਕ ਲੇਖਾ ਪ੍ਰੀਖਿਆ ਯੋਗ ਇਕਾਈਆਂ ਦੀ ਸੰਖਿਆ ਦਾ ਸਬੰਧ ਹੈ **ਸਾਰਣੀ 1.8** ਲਈ ਡਾਟਾ ਈ ਐਲ ਐਫ ਏ ਦੁਆਰਾ ਪ੍ਰਦਾਨ ਕੀਤਾ ਗਿਆ ਸੀ ਜੋ ਕਿ ਵਿਭਾਗ ਦੁਆਰਾ ਪ੍ਰਦਾਨ ਕੀਤੇ ਗਏ ਡਾਟੇ ਨਾਲੋਂ ਭਿੰਨ ਸੀ। ਇਸ ਡੈਵੀਏਸ਼ਨ ਦੀ ਰੌਸ਼ਨੀ ਵਿੱਚ, ਕੁੱਝ ਇਕਾਈਆਂ ਕਦੇ ਵੀ ਈ ਐਲ ਐਫ ਏ ਦੇ ਲੇਖਾ ਪ੍ਰੀਖਿਆ ਨਮੂਨੇ ਦਾ ਹਿੱਸਾ ਨਹੀਂ ਹੋ ਸਕਦੀਆਂ। ਡਾਟਾ ਭਿੰਨਤਾ (19.10.2023) ਈ ਐਲ ਐਫ ਏ ਦੇ ਧਿਆਨ ਵਿੱਚ ਲਿਆਂਦੀ ਗਈ ਸੀ। ਹਾਲਾਂਕਿ, ਕੋਈ ਜਵਾਬ ਨਹੀਂ ਮਿਲਿਆ।

ਜਿਵੇਂ ਕਿ ਸਾਰਣੀਬੱਧ ਡਾਟੇ ਤੋਂ ਸਪੱਸ਼ਟ ਹੈ, ਲੇਖਾ ਪ੍ਰੀਖਿਆ ਇਕਾਈਆਂ ਵਿੱਚ ਲੇਖਾ ਪ੍ਰੀਖਿਆ ਲਈ ਲੋੜੀਦੀਆਂ ਇਕਾਈਆਂ ਦੇ ਮੁਕਾਬਲੇ 62.30 *ਪ੍ਰਤੀਸ਼ਤ* ਅਤੇ 99.94 *ਪ੍ਰਤੀਸ਼ਤ* ਦੇ ਵਿਚਕਾਰ ਕਮੀ ਸੀ। ਇਸ ਤੋਂ ਇਲਾਵਾ, ਲੇਖਾ ਪ੍ਰੀਖਿਆ ਲਈ ਯੋਜਨਾਬੱਧ ਇਕਾਈਆਂ ਦੇ ਸਬੰਧ ਵਿੱਚ ਲੇਖਾ ਪ੍ਰੀਖਿਆ ਕੀਤੀਆਂ ਇਕਾਈਆਂ ਵਿੱਚ 33.33 *ਪ੍ਰਤੀਸ਼ਤ* ਅਤੇ 100 *ਪ੍ਰਤੀਸ਼ਤ* ਦੇ ਵਿਚਕਾਰ ਕਮੀ ਸੀ।

ਧਿਆਨ ਵਿੱਚ ਲਿਆਂਦੇ ਜਾਣ ਤੇ ਵਿਭਾਗ ਨੇ ਵੱਧ ਤੋਂ ਵੱਧ ਸਟਾਫ ਨੂੰ ਉਨ੍ਹਾਂ ਦੇ ਨਿਯਮਤ ਕੰਮ ਦੀ ਬਜਾਏ ਜੀ ਪੀਜ਼ ਦੇ ਲੇਖਾ ਪ੍ਰੀਖਿਆ ਵੱਲ ਮੋੜਨ ਦਾ ਕਾਰਨ ਦੱਸਿਆ। ਇਸ ਲਈ, ਹੋਰ ਸੰਸਥਾਵਾਂ/ ਇਕਾਈਆਂ ਦੀ ਲੇਖਾ ਪ੍ਰੀਖਿਆ ਪ੍ਰਭਾਵਿਤ ਹੋਈ।

1.4.2 ਈ ਐਲ ਐਫ ਏ ਦੀ ਸਟਾਫ ਦੀ ਸਥਿਤੀ

ਸਾਲ 2019-22 ਦੌਰਾਨ ਸਾਰੇ ਕਾਡਰਾਂ ਜਿਵੇਂ ਏ, ਬੀ, ਸੀ ਅਤੇ ਡੀ ਵਿੱਚ ਤੈਨਾਤ ਨਫ਼ਰੀ (ਐਮ ਆਈ ਪੀ) ਦੇ ਮੁਕਾਬਲੇ ਮਨਜ਼ੂਰਸ਼ੁਦਾ ਨਫ਼ਰੀ (ਐਸ ਐਸ) ਅਤੇ ਖਾਲੀ ਅਸਾਮੀਆਂ ਦੀ ਸਥਿਤੀ **ਸਾਰਣੀ 1.9** ਵਿੱਚ ਦਿੱਤੀ ਗਈ ਹੈ।

ਸਾਰਣੀ 1.9: ਈ ਐਲ ਐਫ ਏ ਦੀ ਮਨਜ਼ੂਰਸ਼ੁਦਾ ਨਫ਼ਰੀ ਅਤੇ ਘਾਟ ਦਾ *ਪ੍ਰਤੀਸ਼ਤ*

ਸਾਲ	ਗਰੁੱਪ ਏ			ਗਰੁੱਪ ਬੀ			ਗਰੁੱਪ ਸੀ			ਗਰੁੱਪ ਡੀ			ਕੁੱਲ ਖਾਲੀ (%)
	ਐਸ ਐਸ	ਐਮ ਆਈ ਪੀ	ਖਾਲੀ ਅਸਾਮੀਆਂ	ਐਸ ਐਸ	ਐਮ ਆਈ ਪੀ	ਖਾਲੀ ਅਸਾਮੀਆਂ	ਐਸ ਐਸ	ਐਮ ਆਈ ਪੀ	ਖਾਲੀ ਅਸਾਮੀਆਂ	ਐਸ ਐਸ	ਐਮ ਆਈ ਪੀ	ਖਾਲੀ ਅਸਾਮੀਆਂ	
2019-20	46	11	35	301	65	236	49	17	32	60	28	32	335 (73.46)
2020-21	46	8	38	301	46	255	49	18	31	60	17	43	367 (80.48)
2021-22	46	7	39	301	50	251	49	10	39	60	14	46	375 (82.24)

ਸ੍ਰੋਤ: ਵਿਭਾਗੀ ਡਾਟਾ

ਸਾਰਣੀ 1.9 ਦਰਸਾਉਂਦੀ ਹੈ ਕਿ ਮਨਜ਼ੂਰਸ਼ੁਦਾ ਨਫ਼ਰੀ ਦੇ ਮੁਕਾਬਲੇ, ਸਾਰੇ ਕਾਡਰਾਂ ਵਿੱਚ ਖਾਲੀ ਅਸਾਮੀਆਂ ਹੌਲੀ ਹੌਲੀ 2019-20 ਦੌਰਾਨ 73.46 *ਪ੍ਰਤੀਸ਼ਤ* ਤੋਂ ਵੱਧ ਕੇ 2021-22 ਵਿੱਚ 82.24 *ਪ੍ਰਤੀਸ਼ਤ* ਹੋ ਗਈਆਂ।

1.4.3 ਏ ਐਲ ਐਫ ਏ ਅਤੇ ਪ੍ਰਧਾਨ ਮਹਾਂ ਲੇਖਾਕਾਰ (ਪੀ ਏ ਜੀ) (ਲੇਖਾ ਪ੍ਰੀਖਿਆ) ਦੀਆਂ ਲੇਖਾ ਪ੍ਰੀਖਿਆ ਟਿੱਪਣੀਆਂ ਪ੍ਰਤੀ ਹੁੰਗਾਰੇ ਦੀ ਘਾਟ

ਸਥਾਨਕ ਲੇਖਾ ਪ੍ਰੀਖਿਆ ਵਿਭਾਗ, ਪੰਜਾਬ ਦੇ ਮੈਨੂਅਲ ਦੇ ਪੈਰ੍ਹਾ IV (8) ਅਤੇ ਨੋਟ 4 (iii) ਅਤੇ (iv) ਦੇ ਅਧੀਨ ਈ ਐਲ ਐਫ ਏ ਨੂੰ ਪਿਛਲੇ ਇਤਰਾਜ਼ਾ ਤੇ ਕਾਰਵਾਈ ਨਾ ਕਰਨ ਜਾਂ ਅਸਲ ਕਾਰਵਾਈ ਅਤੇ ਅਸੰਤੁਸ਼ਟੀ ਜਨਕ ਨਤੀਜਿਆ ਦਾ ਮਾਮਲਾ ਸਰਕਾਰ ਕੋਲ ਉਠਾਉਣ ਦੀ ਲੋੜ ਹੈ। ਡਿਪਟੀ ਕਮਿਸ਼ਨਰ, ਖੇਤਰੀ ਡਿਪਟੀ ਡਾਇਰੈਕਟਰ ਅਤੇ ਈ ਐਲ ਐਫ ਏ ਦੇ ਸਥਾਨਕ ਨੁਮਾਇੰਦਿਆਂ ਦੀ ਕਮੇਟੀ ਦਾ ਗਠਨ ਕੀਤਾ ਗਿਆ ਸੀ ਜੋ ਸਾਲ ਵਿੱਚ ਇੱਕ ਵਾਰ ਹਰੇਕ ਸਥਾਨਕ ਸੰਸਥਾ ਦੇ ਵੱਖ-ਵੱਖ ਇਤਰਾਜ਼ਾਂ ਦੀ ਜਾਂਚ ਅਤੇ ਨਿਪਟਾਰਾ ਕਰੇਗੀ ਅਤੇ ਆਪਣੀ ਰਿਪੋਰਟ ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ, ਪੰਜਾਬ ਨੂੰ ਸੌਂਪੇਗੀ।

ਅਪ੍ਰੈਲ 2016 ਤੋਂ ਮਾਰਚ 2019 ਦੇ ਸਮੇਂ ਲਈ ਪੀ ਆਰ ਆਈਜ਼ ਅਤੇ ਯੂ ਐਲ ਬੀਜ਼ ਬਾਰੇ ਏ ਟੀ ਆਈ ਆਰ ਵਿੱਚ ਲੇਖਾ ਪ੍ਰੀਖਿਆ ਟਿੱਪਣੀਆਂ (ਪੈਰ੍ਹਾ 1.7.3) ਦੇ ਜਵਾਬ ਦੀ ਘਾਟ ਬਾਰੇ ਜ਼ਿਕਰ ਕੀਤਾ ਗਿਆ ਸੀ।

ਪੀ ਆਰ ਆਈਜ਼ ਦੇ ਸਬੰਧ ਵਿੱਚ ਈ ਐਲ ਐਫ ਏ ਅਤੇ ਪੀ ਏ ਜੀ ਦੁਆਰਾ ਜਾਰੀ ਮਾਰਚ 2022 ਤੱਕ ਬਕਾਇਆ ਲੇਖਾ ਪ੍ਰੀਖਿਆ ਪੈਰ੍ਹਿਆਂ ਦੀ ਸਥਿਤੀ **ਸਾਰਣੀ 1.10** ਵਿੱਚ ਦਿੱਤੀ ਗਈ ਹੈ:

ਸਾਰਣੀ 1.10: ਈ ਐਲ ਐਫ ਏ ਅਤੇ ਪੀ ਏ ਜੀ ਦੇ ਬਕਾਇਆ ਲੇਖਾ ਪ੍ਰੀਖਿਆ ਪੈਰ੍ਹਿਆਂ ਦੇ ਵੇਰਵੇ

ਲੜੀ ਨੰ.	ਕਦੋਂ ਤੋ ਬਕਾਇਆ	ਜ਼ਿਲ੍ਹਾ ਪ੍ਰੀਸ਼ਦ		ਪੰਚਾਇਤ ਸੰਮਤੀ		ਜੋੜ	
		ਈ ਐਲ ਐਫ ਏ	ਪੀ ਏ ਜੀ	ਈ ਐਲ ਐਫ ਏ	ਪੀ ਏ ਜੀ	ਈ ਐਲ ਐਫ ਏ	ਪੀ ਏ ਜੀ
1.	5 ਸਾਲ ਤੱਕ ਪੁਰਾਣਾ	1065	121	10096	2175	11161	2296
2.	5 ਤੋਂ 10 ਸਾਲ ਤੱਕ ਪੁਰਾਣਾ	1355	179	9558	5787	10913	5966
3.	10 ਸਾਲ ਤੋ ਵੱਧ ਪੁਰਾਣਾ	4530	8	47694	95	52224	103
ਜੋੜ		**6950**	**308**	**67348**	**8057**	**74298**	**8365**

ਸ੍ਰੋਤ: ਵਿਭਾਗੀ ਡਾਟਾ ਅਤੇ ਦਫ਼ਤਰੀ ਰਿਕਾਰਡ

ਵੱਡੀ ਗਿਣਤੀ ਵਿੱਚ ਪੈਰ੍ਹਿਆਂ ਦੇ ਬਕਾਇਆ ਹੋਣ ਤੋਂ ਪਤਾ ਲੱਗਦਾ ਹੈ ਕਿ ਖਾਮੀਆਂ ਨੂੰ ਸੁਧਾਰਨ/ਅੰਦਰੂਨੀ ਨਿਯੰਤਰਣ ਨੂੰ ਮਜ਼ਬੂਤ ਕਰਨ ਲਈ ਚੁਕਵੇਂ ਯਤਨ ਨਹੀਂ ਕੀਤੇ ਜਾ ਰਹੇ ਸਨ, ਜੋ ਕਿ ਅੰਦਰੂਨੀ ਲੇਖਾ ਪਰੀਖਕ ਭਾਵ ਈ ਐਲ ਐਫ ਏ ਜਾਂ ਪੀ ਏ ਜੀ (ਲੇਖਾ ਪ੍ਰੀਖਿਆ), ਪੰਜਾਬ ਵੱਲੋਂ ਧਿਆਨ ਵਿੱਚ ਲਿਆਂਦਾ ਗਿਆ ਸੀ।

1.4.4 ਸਾਲਾਨਾ ਤਕਨੀਕੀ ਜਾਂਚ ਰਿਪੋਰਟਾਂ 'ਤੇ ਪੈਰਵੀ ਕਾਰਵਾਈ

ਟੀ ਐਫ ਸੀ ਅਤੇ ਐਫ ਐਫ ਸੀ ਦੀਆਂ ਸਿਫਾਰਸ਼ਾਂ ਅਨੁਸਾਰ, ਸਾਲਾਨਾ ਤਕਨੀਕੀ ਨਿਰੀਖਣ ਰਿਪੋਰਟ (ਏ ਟੀ ਆਈ ਆਰ) ਦੇ ਨਾਲ-ਨਾਲ ਐਗਜਾਮੀਨਰ, ਸਥਾਨਕ ਫੰਡ ਲੇਖੇ (ਈ ਐਲ ਐਫ ਏ) ਦੀ ਸਾਲਾਨਾ ਰਿਪੋਰਟ ਰਾਜ ਵਿਧਾਨ ਸਭਾ ਦੇ ਸਾਹਮਣੇ ਰੱਖੀ ਜਾਣੀ ਚਾਹੀਦੀ ਹੈ।

ਸਾਲ 2012-13, 2013-14, 2014-15, 2015-16 ਅਤੇ 2016-19 ਲਈ ਏ ਟੀ ਆਈ ਆਰਜ਼ ਰਾਜ ਵਿਧਾਨ ਸਭਾ ਦੇ ਸਾਹਮਣੇ ਰੱਖੇ ਗਏ ਸਨ। ਹਾਲਾਂਕਿ ਸਾਲ 2012-13 ਤੋਂ 2016-19 ਲਈ ਏ ਟੀ ਆਈ ਆਰਜ਼ ਰਾਹੀਂ ਦਰਸਾਏ ਗਏ ਸਾਰੇ 72 ਲੇਖਾ ਪ੍ਰੀਖਿਆ ਤੇ ਐਲ ਬੀਜ਼ ਅਤੇ ਪੀ ਆਰ ਆਈਜ਼ ਬਾਰੇ ਕਮੇਟੀ ਦੀਆਂ ਵੱਖ-ਵੱਖ ਮੀਟਿੰਗਾਂ ਵਿੱਚ ਵਿਚਾਰ ਵਟਾਂਦਰੇ ਕੀਤੇ ਗਏ ਸਨ, ਪਰ 52 ਪੈਰ੍ਹੇ ਵਿਭਾਗ ਦੁਆਰਾ ਲੋੜੀਂਦੀ ਪਾਲਣਾ ਲਈ ਸੋਲਵੀਂ, ਅਠਾਰਵੀਂ, ਵੀਹਵੀਂ ਅਤੇ ਬਾਈਵੀਂ ਰਿਪੋਰਟ **ਸਾਰਣੀ 1.11** ਵਿੱਚ ਦਿੱਤੀ ਗਈ ਅਨੁਸਾਰ ਬਕਾਇਆ ਸਨ।

ਸਾਰਣੀ 1.11: ਏ ਟੀ ਆਈ ਆਰਜ਼ ਦੇ ਬਕਾਇਆ ਪੈਰ੍ਹਿਆਂ ਦਾ ਵੇਰਵਾ

ਸਾਲ	ਏ ਟੀ ਆਈ ਆਰ ਵਿੱਚ ਪੈਰ੍ਹਿਆਂ ਦੀ ਸੰਖਿਆ	ਬਕਾਇਆ ਪੈਰ੍ਹਿਆਂ ਦੀ ਲੜੀ ਸੰਖਿਆ	ਬਕਾਇਆ ਪੈਰ੍ਹਿਆਂ ਦੀ ਸੰਖਿਆ
2012-13	13	2.1, 2.5, 2.8	03
2013-14	14	1.4, 2.1, 2.2, 2.3, 2.4, 2.5, 2.6, 2.8, 2.10	09
2014-15	14	1.1, 1.2, 1.3, 1.4, 2.1, 2.2, 2.3, 2.4, 2.5, 2.6, 2.7, 2.8, 2.9	13
2015-16	11	1.1, 1.2, 1.4, 2.1, 2.2, 2.3, 2.5	07
2016-19	20	1.1, 1.2, 1.3, 1.4, 1.5, 1.6, 1.7, 2.1, 2.2, 2.3, 2.4, 2.5, 2.6, 2.7, 2.8, 2.9, 2.10, 2.11, 2.12, 2.13	20
ਜੋੜ	72		**52**

ਸ੍ਰੋਤ: ਦਫ਼ਤਰੀ ਰਿਕਾਰਡ

1.5 ਨਿਰੰਤਰ ਅਨਿਯਮਿਤਤਾਵਾਂ

ਇਸ ਤੱਥ ਦੇ ਬਾਵਜੂਦ ਕਿ ਨਿਰੀਖਣ ਰਿਪੋਰਟਾਂ ਅਤੇ ਪਿਛਲੀਆਂ ਏ ਟੀ ਆਈ ਆਰਜ਼ ਰਾਹੀਂ ਵੱਖ-ਵੱਖ ਲੇਖਾ ਪ੍ਰੀਖਿਆ ਪੈਰ੍ਹਿਆਂ ਵੱਲ ਧਿਆਨ ਦਿਵਾਇਆ ਗਿਆ ਅਤੇ ਇਨ੍ਹਾਂ ਤੇ ਐਲ ਬੀਜ਼ ਅਤੇ ਪੀ ਆਰ ਆਈਜ਼ ਬਾਰੇ ਕਮੇਟੀ ਦੁਆਰਾ ਮੀਟਿੰਗਾਂ ਵਿੱਚ ਵਿਚਾਰ-ਵਟਾਂਦਰਾ ਚਰਚਾ ਵੀ ਕੀਤੀ ਜਾ ਰਹੀ ਸੀ, ਇਨ੍ਹਾਂ ਵਿੱਚੋਂ ਕੁਝ ਅਨਿਯਮਤਤਾਵਾਂ ਅਜੇ ਵੀ ਜਾਰੀ ਹਨ। ਹੇਠ ਲਿਖੇ ਮੁੱਦੇ ਪਿਛਲੀਆਂ ਏ ਟੀ ਆਈ ਆਰਜ਼ ਦੇ ਨਾਲ ਨਾਲ ਨਿਰੀਖਣ ਰਿਪੋਰਟਾਂ ਵਿੱਚ ਵਾਰ-ਵਾਰ ਦਿਖਾਏ ਜਾ ਰਹੇ ਸਨ:

1. ਕੈਂਸਰ ਅਤੇ ਨਸ਼ੀਲੇ ਪਦਾਰਥਾਂ ਦੀ ਆਦਤ ਦੇ ਇਲਾਜ ਲਈ ਬੁਨਿਆਦੀ ਢਾਂਚਾ ਫੰਡ ਲਈ ਪੈਸੇ ਨਾ ਭੇਜਣਾ,
2. ਕਿਰਾਏ/ਲੀਜ਼ ਦੀ ਗੈਰ/ਘੱਟ ਵਸੂਲੀ,
3. ਸਾਬਕਾ ਸਰਪੰਚਾਂ ਵੱਲੋਂ ਨਕਦੀ/ਬਕਾਏ ਨਾ ਸੌਂਪਣਾ,
4. ਸਵੈ-ਚੈੱਕਾਂ ਰਾਹੀਂ ਬੈਂਕ ਤੋਂ ਅਨਿਯਮਿਤ ਨਕਦੀ ਕਢਵਾਉਣਾ,
5. ਪੰਚਾਇਤ ਸਕੱਤਰ ਦੀ ਉਜਰਤਾਂ ਦੀ ਘੱਟ ਜਮ੍ਹਾ ਰਾਸ਼ੀ,
6. ਸਾਲਾਨਾ ਲੇਖਾ-ਜੋਖਾ ਤਿਆਰ ਨਾ ਕਰਨਾ,
7. ਬਕਾਇਆ ਵਰਤੋਂ ਸਰਟੀਫਿਕੇਟ,
8. ਕਈ ਬੈਂਕ ਖਾਤਿਆਂ ਦਾ ਸੰਚਾਲਨ।

ਏ ਟੀ ਆਈ ਆਰ ਵਿੱਚ ਨਿਰੰਤਰ ਅਨਿਯਮਤਤਾਵਾਂ ਨੇ ਲੇਖਾ ਪ੍ਰੀਖਿਆ ਟਿੱਪਣੀਆਂ ਪ੍ਰਤੀ ਸਰਕਾਰ/ਵਿਭਾਗ ਦੀ ਜਵਾਬਦੇਹੀ ਦੀ ਘਾਟ ਨੂੰ ਦਰਸਾਇਆ।

ਅਧਿਆਇ-II

ਪੰਚਾਇਤੀ ਰਾਜ ਸੰਸਥਾਵਾਂ ਦੀ ਲੇਖਾ ਪ੍ਰੀਖਿਆ ਦੇ ਨਤੀਜੇ

ਅਧਿਆਇ-II

ਪੰਚਾਇਤੀ ਰਾਜ ਸੰਸਥਾਵਾਂ ਦੀ ਲੇਖਾ ਪ੍ਰੀਖਿਆ ਦੇ ਨਤੀਜੇ

2.1 *ਸ਼ਾਮਲਾਟ* ਜ਼ਮੀਨ 'ਤੇ ਅਣਅਧਿਕਾਰਤ ਕਬਜ਼ਾ

ਅਣਅਧਿਕਾਰਤ ਵਿਅਕਤੀਆਂ ਨੂੰ ਬੇਦਖਲ ਕਰਨ ਨਾਲ ਸਬੰਧਤ ਪੰਜਾਬ ਪਬਲਿਕ ਪ੍ਰੀਮਿਸਜ਼ ਐਂਡ ਲੈਂਡ (ਬੇਦਖਲੀ ਅਤੇ ਕਿਰਾਇਆ ਵਸੂਲੀ) ਐਕਟ, 1973 ਦੇ ਨਿਯਮ 5 (2) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਜੇ ਕੋਈ ਵਿਅਕਤੀ ਉਪ-ਧਾਰਾ (1) ਅਧੀਨ ਪ੍ਰਕਾਸ਼ਿਤ ਹੋਣ ਦੀ ਮਿਤੀ ਤੋਂ ਤੀਹ ਦਿਨਾਂ ਦੇ ਅੰਦਰ ਖਾਲੀ ਕਰਨ ਦੇ ਆਦੇਸ਼ ਦੀ ਪਾਲਣਾ ਕਰਨ ਤੋਂ ਇਨਕਾਰ ਕਰਦਾ ਹੈ ਜਾਂ ਅਸਫਲ ਰਹਿੰਦਾ ਹੈ, ਤਾਂ ਕੁਲੈਕਟਰ ਜਾਂ ਇਸ ਸਬੰਧ ਵਿੱਚ ਉਸ ਦੁਆਰਾ ਅਧਿਕਾਰਤ ਕੋਈ ਹੋਰ ਅਧਿਕਾਰੀ ਉਸ ਵਿਅਕਤੀ ਨੂੰ, ਜੇ ਕੋਈ ਹੋਵੇ, ਜਨਤਕ ਇਮਾਰਤ ਤੋਂ ਬਾਹਰ ਕੱਢ ਸਕਦਾ ਹੈ ਅਤੇ ਕਬਜ਼ਾ ਲੈ ਸਕਦਾ ਹੈ, ਇਸ ਉਦੇਸ਼ ਲਈ, ਅਜਿਹੀ ਤਾਕਤ ਦੀ ਵਰਤੋਂ ਕਰ ਸਕਦਾ ਹੈ ਜੋ ਜ਼ਰੂਰੀ ਹੋ ਸਕਦੀ ਹੈ।

ਸਾਲ 2019-20 ਤੋਂ 2022-23 ਦੇ ਸਮੇਂ ਦੌਰਾਨ ਚੁਣੇ ਗਏ ਪੀ ਆਰ ਆਈਜ਼ ਦੇ ਰਿਕਾਰਡ ਦੀ ਨਮੂਨਾ ਜਾਂਚ ਨੇ ਦਰਸਾਇਆ ਕਿ 68 ਈ ਓ ਪੀ ਐਸਜ਼ ਅਧੀਨ ਆਉਂਦੇ 507 ਜੀ ਪੀਜ਼ ਵਿੱਚ 31,455 ਏਕੜ ਅਤੇ 19 ਮਰਲੇ ਜ਼ਮੀਨ ਅਣਅਧਿਕਾਰਤ ਕਬਜ਼ੇ ਹੇਠ ਸੀ ਜਿਵੇਂ ਕਿ ***ਅੰਤਿਕਾ 2.1*** ਵਿੱਚ ਵੇਰਵਾ ਦਿੱਤਾ ਗਿਆ ਹੈ।

ਇਸ ਵਿੱਚੋਂ ਕੁੱਲ 4605 ਏਕੜ, 06 ਕਨਾਲ ਅਤੇ 12 ਮਰਲੇ ਜ਼ਮੀਨ ਤੇ ਕਬਜ਼ਾ ਸੀ, ਜਿਸ ਲਈ ਕੋਈ ਅਦਾਲਤੀ ਮਾਮਲਾ ਵਿਚਾਰ ਅਧੀਨ ਨਹੀਂ ਸੀ। 151 ਏਕੜ, 07 ਕਨਾਲ ਅਤੇ 02 ਮਰਲੇ ਜ਼ਮੀਨ ਲਈ ਅਦਾਲਤਾਂ ਦੇ ਫੈਸਲੇ ਪੀ ਆਰ ਆਈਜ਼ ਦੇ ਹੱਕ ਵਿੱਚ ਸਨ। ਫਿਰ ਵੀ, ਖਾਲੀ ਕਰਨ ਦੀ ਕਾਰਵਾਈ ਸ਼ੁਰੂ ਕਰਨ ਲਈ ਕੋਈ ਕਾਰਵਾਈ ਨਹੀਂ ਕੀਤੀ ਗਈ। ਹਾਲਾਂਕਿ ਕੁੱਲ 26697 ਏਕੜ, 03 ਕਨਾਲ ਅਤੇ 05 ਮਰਲੇ ਜ਼ਮੀਨ ਵੱਖ-ਵੱਖ ਅਦਾਲਤਾਂ ਵਿੱਚ ਮੁਕੱਦਮੇ ਅਧੀਨ ਸੀ।

58 ਈ ਓ ਪੀ ਐਸਜ਼ ਨੇ ਕਿਹਾ (ਫਰਵਰੀ 2019 ਤੋਂ ਮਾਰਚ 2023) ਕਿ ਜ਼ਮੀਨ ਦਾ ਕਬਜ਼ਾ ਵਾਪਸ ਲੈਣ ਲਈ ਯਤਨ ਕੀਤੇ ਜਾਣਗੇ। ਹਾਲਾਂਕਿ, ਬਾਕੀ ਈ ਓ ਪੀ ਐਸਜ਼[1] ਨੇ ਕੋਈ ਜਵਾਬ ਨਹੀਂ ਦਿੱਤਾ।

2.2 ਪੰਚਾਇਤ ਸਕੱਤਰਾਂ ਦੀ ਤਨਖਾਹ ਲਈ ਯੋਗਦਾਨ ਜਮ੍ਹਾਂ ਨਾ ਕਰਨਾ

ਪੰਜਾਬ ਪੰਚਾਇਤ ਸਕੱਤਰਾਂ (ਭਰਤੀ ਅਤੇ ਸੇਵਾ ਦੀਆਂ ਸ਼ਰਤਾਂ), ਨਿਯਮ 2013 ਦੇ ਨਿਯਮ 8 (2) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਪੰਚਾਇਤ ਸਕੱਤਰਾਂ ਦੀਆਂ ਤਨਖਾਹਾਂ ਆਦਿ ਦੇ ਖਰਚਿਆਂ ਨੂੰ ਪੂਰਾ ਕਰਨ ਲਈ ਡਾਇਰੈਕਟਰ ਦੇ ਨਿਰਦੇਸ਼ਾਂ ਅਨੁਸਾਰ ਯੋਗਦਾਨ ਦੀ ਅਨੁਪਾਤ ਰਾਸ਼ੀ

1 ਸ਼੍ਰੀ ਮੁਕਤਸਰ ਸਾਹਿਬ, ਫਗਵਾੜਾ, ਨੌਸ਼ਹਿਰਾ ਪੰਨੂਆਂ, ਮਹਿਲ ਕਲਾਂ, ਆਦਮਪੁਰ, ਕਾਹਨੂੰਵਾਨ, ਸਨੌਰ, ਸਮਾਣਾ, ਸਿੱਧਵਾ ਬੇਟ ਅਤੇ ਡੇਰਾਬਸੀ।

ਪੰਚਾਇਤ ਸੰਮਤੀਆਂ ਵੱਲੋਂ (ਨਿਯਮ 8 (1) ਅਨੁਸਾਰ ਤਨਖਾਹ ਅਤੇ ਭੱਤਿਆਂ ਨਾਲ ਸਬੰਧਤ) ਦਿੱਤੀ ਜਾਵੇਗੀ। ਇਸ ਅਨੁਸਾਰ, ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਨੇ ਸਾਰੀਆਂ ਪੰਚਾਇਤਾਂ ਸੰਮਤੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ (ਅਕਤੂਬਰ 2016) ਕਿ ਹਰੇਕ ਜੀ ਪੀ ਦੇ ਅਧਿਕਾਰ ਖੇਤਰ ਅਧੀਨ ਜ਼ਮੀਨ ਦੀ ਨਿਲਾਮੀ ਦੀ ਰਾਸ਼ੀ ਦਾ 20 *ਪ੍ਰਤੀਸ਼ਤ* ਸਬੰਧਤ ਈ ਓ ਪੀ ਐਸ ਨੂੰ ਸਕੱਤਰ ਉਜਰਤਾਂ ਵਜੋਂ ਜਮ੍ਹਾਂ ਕਰਵਾਇਆ ਜਾਵੇ ਅਤੇ ਡਿਫਾਲਟਰ ਜੀ ਪੀਜ਼ ਨੂੰ ਇਸ ਦੇ ਬਦਲੇ 30 *ਪ੍ਰਤੀਸ਼ਤ* ਜਮ੍ਹਾਂ ਕਰਵਾਉਣ ਦੀ ਲੋੜ ਸੀ। ਡੀ ਆਰ ਡੀ ਪੀ ਨੇ ਮਿਤੀ ਜੂਨ 2022 ਦੇ ਆਪਣੇ ਪੱਤਰ ਰਾਹੀਂ ਸਾਰੇ ਈ ਓ ਪੀ ਐਸਜ਼ ਨੂੰ ਨਿਰਦੇਸ਼ ਦਿੱਤੇ ਸਨ ਕਿ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਨਿਲਾਮੀ ਦੇ ਪੈਸੇ ਦੇ 20 *ਪ੍ਰਤੀਸ਼ਤ* ਤੋਂ ਵੱਧ ਸਕੱਤਰ ਉਜਰਤਾਂ ਦੇ ਯੋਗਦਾਨ 'ਤੇ ਰੋਕ ਲਗਾਈ ਜਾ ਸਕਦੀ ਹੈ।

ਸਾਲ 2019-20 ਤੋਂ 2022-23 ਦੇ ਸਮੇਂ ਦੌਰਾਨ ਚੁਣੇ ਗਏ ਪੀ ਆਰ ਆਈਜ਼ ਦੇ ਰਿਕਾਰਡਾਂ ਦੀ ਜਾਂਚ ਨੇ ਦਰਸਾਇਆ ਕਿ 816 ਜੀ ਪੀਜ਼ ਦੁਆਰਾ ਅਪ੍ਰੈਲ 2016 ਤੋਂ ਫਰਵਰੀ 2023 ਦੇ ਸਮੇਂ ਨਾਲ ਸਬੰਧਤ ਪੰਚਾਇਤ ਸਕੱਤਰਾਂ ਦੀਆਂ ਤਨਖਾਹਾਂ ਲਈ ₹ 7.75[2] ਕਰੋੜ ਦੀ ਰਾਸ਼ੀ (ਜਿਵੇਂ ਕਿ ***ਅੰਤਿਕਾ 2.2*** ਵਿੱਚ ਵੇਰਵਾ ਦਿੱਤਾ ਗਿਆ ਹੈ) ਈ ਓ ਪੀ ਐਸਜ਼ ਵਿੱਚ ਜਮ੍ਹਾਂ ਨਹੀਂ ਕਰਵਾਈ ਗਈ ਸੀ। ਜੀ ਪੀ ਪੱਧਰ ਤੇ ਸਬੰਧਤ ਰਿਕਾਰਡ ਦੀ ਮਾੜੀ ਸਾਂਭ-ਸੰਭਾਲ ਕਾਰਨ ਲੇਖਾ ਪ੍ਰੀਖਿਆ ਇਹ ਪਤਾ ਲਗਾਉਣ ਦੇ ਯੋਗ ਨਹੀਂ ਸੀ ਕਿ ਪਿਛਲੇ ਸਾਲਾਂ ਦੌਰਾਨ ਕਿਸੇ ਵਿਸ਼ੇਸ਼ ਜੀ ਪੀ ਨੇ ਸਕੱਤਰ ਦੀਆਂ ਉਜਰਤਾਂ ਲਈ ਆਪਣੇ ਬਣਦੇ ਯੋਗਦਾਨ ਦੀ ਅਦਾਇਗੀ ਕਰਨ ਵਿੱਚ ਡਿਫਾਲਟ ਕੀਤਾ ਸੀ ਜਾਂ ਨਹੀਂ। ਕੁਝ ਹੋਰ ਜੀ ਪੀਜ਼ ਵਿੱਚ, ਇਹ ਵੀ ਵੇਖਿਆ ਗਿਆ ਸੀ ਕਿ ਜੀ ਪੀਜ਼ ਰਿਕਾਰਡ 'ਤੇ ਬਿਨਾਂ ਕਿਸੇ ਕਾਰਨਾਂ ਦੇ ਉੱਚੀਆਂ ਦਰਾਂ 'ਤੇ ਯੋਗਦਾਨ ਪਾ ਰਹੇ ਸਨ।

ਸਬੰਧਤ ਈ ਓ ਪੀ ਐਸਜ਼ ਨੇ ਕਿਹਾ (ਜੁਲਾਈ 2019 ਤੋਂ ਮਾਰਚ 2023) ਕਿ ਇਸ ਸਬੰਧ ਵਿੱਚ ਉਗਰਾਹੀ ਲਈ ਕਦਮ ਚੁੱਕੇ ਜਾਣਗੇ।

2.3 ਦੁਕਾਨਾਂ/ਇਮਾਰਤਾਂ ਦੇ ਕਿਰਾਏ ਦੀ ਵਸੂਲੀ ਨਾ ਕਰਨਾ

ਪੰਜਾਬ ਪੰਚਾਇਤ ਸੰਮਤੀ ਅਤੇ ਜ਼ਿਲਾ ਪ੍ਰੀਸ਼ਦ ਵਿੱਤ, ਬਜਟ ਅਤੇ ਲੇਖੇ ਨਿਯਮਾਵਲੀ 2014 ਦਾ ਨਿਯਮ 46 ਨਿਰਧਾਰਤ ਕਰਦਾ ਹੈ ਕਿ ਕਾਰਜਸਾਧਕ ਅਫਸਰ ਜਾਂ ਮੁੱਖ ਕਾਰਜਸਾਧਕ ਅਫਸਰ ਦੀ ਇਹ ਵੇਖਣਾ ਮੁਢਲੀ ਜ਼ਿੰਮੇਵਾਰੀ ਹੈ ਕਿ ਪੰਚਾਇਤ ਸੰਮਤੀ ਜਾਂ ਜ਼ਿਲ੍ਹਾ ਪ੍ਰੀਸ਼ਦ, ਜੋ ਵੀ ਹੋਵੇ, ਦੀ ਸਾਰੀ ਰੈਵੀਨਿਊ ਜਾਂ ਹੋਰ ਕਰਜ਼ੇ ਜਿਨ੍ਹਾਂ ਦਾ ਲੇਖਾਕਰਣ ਕਰਨਾ ਬਣਦਾ ਹੈ, ਨੂੰ ਸਹੀ, ਤੁਰੰਤ ਅਤੇ ਨਿਯਮਤਤਾ ਨਾਲ ਨਿਰਧਾਰਣ, ਉਗਰਾਹਿਆ ਗਿਆ ਅਤੇ ਇਸ ਨੂੰ ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਫੰਡ ਦੇ ਲੇਖੇ ਵਿੱਚ ਜਮ੍ਹਾਂ ਕਰਵਾਇਆ ਗਿਆ ਹੈ। ਇਸ ਤੋਂ ਇਲਾਵਾ, ਪੰਜਾਬ ਪੰਚਾਇਤੀ ਰਾਜ ਐਕਟ 1994 ਦੇ ਅਨੁਭਾਗ 195 (1) ਅਤੇ 198 (2) ਅਨੁਸਾਰ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਜੋ ਕਿ ਹਰ ਜ਼ਿਲ੍ਹੇ ਵਿੱਚ ਜ਼ਿਲਾ ਪ੍ਰੀਸ਼ਦ ਦਾ ਐਕਸ-ਆਫੀਸੀਓ ਮੁੱਖ ਕਾਰਜਸਾਧਕ ਅਫਸਰ (ਸੀ ਈ ਓ) ਹੈ, ਕਿਸੇ ਵਿਅਕਤੀ ਕੋਲੋਂ ਲੈਣੇ ਬਣਦੇ ਪੈਸੇ ਦੀ ਵਸੂਲੀ ਲਈ ਕਦਮ ਚੁੱਕ ਸਕਦਾ ਹੈ ਅਤੇ ਇਸ ਸਬੰਧੀ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰ ਸਕਦਾ ਹੈ ਜਿਹੜੀਆਂ ਕਿ ਅਪਰਾਧਿਕ

2 ਨਿਲਾਮੀ ਦੇ ਪੈਸੇ ਦੀ ਘੱਟੋ ਘੱਟ ਦਰ @ 20 *ਪ੍ਰਤੀਸ਼ਤ* ਦੇ ਅਧਾਰ ਤੇ ਗਣਨਾ ਕੀਤੀ ਜਾਂਦੀ ਹੈ।

ਕੋਡ ਪ੍ਰਕਿਰਿਆ, 1973 (1974 ਦਾ ਕੇਂਦਰੀ ਐਕਟ 2) ਦੇ ਅਧਿਆਇ VII ਦੇ ਉਪਬੰਧਾਂ ਅਧੀਨ ਮੈਜਿਸਟ੍ਰੇਟ ਦੁਆਰਾ ਕਨੂੰਨ ਅਨੁਸਾਰ ਵਰਤੀਆਂ ਜਾ ਸਕਦੀਆਂ ਹਨ।

ਸਾਲ 2019-20 ਤੋਂ 2022-23 ਦੇ ਸਮੇਂ ਦੌਰਾਨ ਚੁਣੇ ਗਏ ਪੀ ਆਰ ਆਈਜ਼ ਦੇ ਰਿਕਾਰਡ ਦੀ ਨਮੂਨਾ ਜਾਂਚ ਨੇ ਦਰਸਾਇਆ ਕਿ ***ਅੰਤਿਕਾ 2.3*** ਵਿੱਚ ਦਿੱਤੇ ਵੇਰਵੇ ਅਨੁਸਾਰ ਦੁਕਾਨਾਂ ਦੇ ਕਿਰਾਏ ਦੇ ਖਾਤੇ ਤੇ ₹ 16.73 ਕਰੋੜ ਦੀ ਰਾਸ਼ੀ ਵਸੂਲੀ ਲਈ ਬਕਾਇਆ ਸੀ ਜਿਸ ਦੇ ਨਤੀਜੇ ਵਜੋਂ ਸਥਾਨਕ ਸੰਸਥਾਵਾਂ ਲਈ ਰੈਵੀਨਿਊ ਦੀ ਘੱਟ ਪ੍ਰਾਪਤੀ ਹੋਈ।

ਧਿਆਨ ਵਿੱਚ ਲਿਆਂਦੇ ਜਾਣ 'ਤੇ, ਜੀ ਪੀਜ਼ ਅਤੇ ਈ ਓ ਪੀ ਐਸਜ਼ (ਪੰਜ[3] ਨੂੰ ਛੱਡ ਕੇ) ਨੇ ਕਿਹਾ (ਜੁਲਾਈ 2019 ਤੋਂ ਮਾਰਚ 2023) ਕਿ ਬਕਾਇਆ ਕਿਰਾਏ ਦੀ ਵਸੂਲੀ ਕਰਨ ਲਈ ਯਤਨ ਕੀਤੇ ਜਾਣਗੇ।

2.4 ਸਾਬਕਾ ਸਰਪੰਚਾਂ ਵੱਲੋਂ ਨਕਦੀ ਹਵਾਲੇ ਨਾ ਕਰਨਾ

ਪੰਜਾਬ ਪੰਚਾਇਤੀ ਰਾਜ ਐਕਟ, 1994 ਦਾ ਅਨੁਭਾਗ 87 (1) ਅਤੇ (3) ਵਿਵਸਥਾ ਕਰਦਾ ਹੈ ਕਿ ਸਰਪੰਚ, ਜੀ ਪੀ ਦੀ ਚੱਲ ਜਾਇਦਾਦ ਅਤੇ ਇਸਦੇ ਨਿਰਧਾਰਤ ਰਿਕਾਰਡ ਦੀ ਸਹੀ ਸਲਾਮਤ ਸੰਭਾਲ ਲਈ ਜ਼ਿੰਮੇਵਾਰ ਹੋਵੇਗਾ ਅਤੇ ਗ੍ਰਾਮ ਪੰਚਾਇਤ ਦੀ ਜਾਂ ਉਸਨੂੰ ਸੌਂਪੀ ਅਚੱਲ ਜਾਇਦਾਦ ਦਾ ਵੀ ਚਾਰਜ਼ ਉਸ ਕੋਲ ਰਹੇਗਾ। ਉਸਨੂੰ ਚਾਹੀਦਾ ਕਿ ਚੋਣ ਲਈ ਆਪਣੀ ਨਾਮਜ਼ਦਗੀ ਪੱਤਰ ਦਾਇਰ ਕਰਨ ਜਾਂ ਆਪਣਾ ਦਫ਼ਤਰ ਛੱਡਣ ਤੋਂ ਪਹਿਲਾਂ ਅਜਿਹੇ ਰਿਕਾਰਡ ਅਤੇ ਜਾਇਦਾਦ ਦਾ ਪੂਰਾ ਚਾਰਜ਼ ਈ ਓ ਪੀ ਐਸ ਦੇ ਹਵਾਲੇ ਕਰੇ, ਅਜਿਹਾ ਨਾ ਕਰਨ ਦੀ ਸੂਰਤ ਵਿੱਚ ਈ ਓ ਪੀ ਐਸ ਉਸ ਸਰਪੰਚ ਤੋਂ ਅਜਿਹੇ ਰਿਕਾਰਡ ਜਾਂ ਜਾਇਦਾਦ, ਜੋ ਵੀ ਹੋਵੇ, ਨੂੰ ਸੁਰਖਿਅਤ ਕਰਨ ਲਈ ਕਾਰਜਕਾਰੀ ਮੈਜਿਸਟਰੇਟ ਪਾਸ ਬਿਨੈ ਪੱਤਰ ਦੇ ਸਕਦਾ ਹੈ।

ਸਾਲ 2019-23 ਦੇ ਸਮੇਂ ਦੇ ਦੌਰਾਨ ਰਿਕਾਰਡ ਦੀ ਜਾਂਚ ਨੇ ਦਰਸਾਇਆ ਕਿ 15 ਈ ਓ ਪੀ ਐਸਜ਼ ਦੇ ਅਧੀਨ 66 ਜੀ ਪੀ ਦੇ ਸਾਬਕਾ ਸਰਪੰਚਾਂ ਨੇ ਜੀ ਪੀਜ਼ ਨਾਲ ਸਬੰਧਤ ₹ 2.43 ਕਰੋੜ ਦੀ ਨਕਦ ਰਾਸ਼ੀ, ਉਨ੍ਹਾਂ ਦੇ ਸਬੰਧਤ ਈ ਓ ਪੀ ਐਸਜ਼ ਨੂੰ ਨਹੀਂ ਸੌਂਪੀ ਜਿਵੇਂ ਕਿ ***ਅੰਤਿਕਾ 2.4*** ਵਿੱਚ ਵੇਰਵਾ ਦਿੱਤਾ ਗਿਆ ਹੈ।

ਧਿਆਨ ਵਿੱਚ ਲਿਆਂਦੇ ਜਾਣ 'ਤੇ ਈ ਓ ਪੀ ਐਸਜ਼ (ਦੋ[4] ਨੂੰ ਛੱਡ ਕੇ) ਨੇ ਕਿਹਾ (ਅਗਸਤ 2019 ਤੋਂ ਮਾਰਚ 2023) ਕਿ ਸਬੰਧਤ ਵਿਅਕਤੀਆਂ ਤੋਂ ਸਮੇਂ ਸਿਰ ਵਸੂਲੀ ਕੀਤੀ ਜਾਵੇਗੀ।

2.5 ਮਲਟੀਪਲ ਬੈਂਕ ਖਾਤਿਆਂ ਦਾ ਸੰਚਾਲਨ

ਪੰਜਾਬ ਪੰਚਾਇਤੀ ਰਾਜ (ਗ੍ਰਾਮ ਪੰਚਾਇਤ) ਨਿਯਮਾਵਲੀ, 2012 ਦੇ ਨਿਯਮ 24 ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਪੰਜਾਬ ਪੰਚਾਇਤੀ ਰਾਜ ਐਕਟ, 1994 ਦੀ ਧਾਰਾ 86 ਵਿੱਚ ਜ਼ਿਕਰ ਕੀਤੇ ਗ੍ਰਾਮ ਪੰਚਾਇਤ ਫੰਡ ਨੂੰ ਕਿਸੇ ਰਾਸ਼ਟਰੀਕ੍ਰਿਤ ਬੈਂਕ ਵਿੱਚ ਗ੍ਰਾਮ ਪੰਚਾਇਤ (ਜੀ ਪੀ) ਦੇ ਨਾਮ ਤੇ ਬਚਤ ਬੈਂਕ ਖਾਤੇ ਵਿੱਚ ਰੱਖਿਆ ਜਾਵੇਗਾ। ਇਸ ਤੋਂ ਇਲਾਵਾ ਪੰਜਾਬ ਪੰਚਾਇਤ ਸੰਮਤੀ ਅਤੇ

3 ਜ਼ੈਡ ਪੀ - ਪਟਿਆਲਾ; ਈ ਓ ਪੀ ਐਸਜ਼ - ਬਰਨਾਲਾ; ਭਗਤਾ ਭਾਈ ਕਾ; ਅਬੋਹਰ ਅਤੇ ਚਮਕੌਰ ਸਾਹਿਬ।

4 ਔੜ ਅਤੇ ਸਨੌਰ।

ਜ਼ਿਲ੍ਹਾ ਪ੍ਰੀਸ਼ਦ ਵਿੱਤ, ਬਜਟ ਅਤੇ ਲੇਖਾ ਨਿਯਮਾਵਲੀ, 2014 ਦੇ ਨਿਯਮ 29 (2) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਪੰਚਾਇਤ ਸੰਮਤੀ ਫੰਡ ਅਤੇ ਜ਼ਿਲ੍ਹਾ ਪ੍ਰੀਸ਼ਦ ਫੰਡ ਇੱਕ ਬੈਂਕ ਖਾਤੇ ਵਿੱਚ ਰੱਖੇ ਜਾਣਗੇ।

ਸਾਲ 2019-20 ਤੋਂ 2022-23 ਦੇ ਸਮੇਂ ਦੌਰਾਨ ਚੁਣੇ ਗਏ ਪੀ ਆਰ ਆਈਜ਼ ਦੇ ਰਿਕਾਰਡ ਦੀ ਨਮੂਨਾ ਜਾਂਚ ਨੇ ਦਰਸਾਇਆ ਕਿ ਤਿੰਨ ਜ਼ੈਡ ਪੀਜ਼, ਪੰਜ ਈ ਓ ਪੀ ਐਸਜ਼ ਅਤੇ 40 ਜੀ ਪੀਜ਼, ਇਸ ਸਬੰਧ ਵਿੱਚ ਜਾਰੀ ਹਦਾਇਤਾਂ ਦੀ ਉਲੰਘਣਾ ਕਰਦਿਆਂ ***ਅੰਤਿਕਾ 2.5*** ਵਿੱਚ ਵੇਰਵੇ ਅਨੁਸਾਰ ਇੱਕ ਤੋਂ ਵੱਧ ਬੈਂਕ ਖਾਤੇ ਚਲਾ ਰਹੇ ਸਨ। ਇਕੋ ਗਤੀਵਿਧੀ ਲਈ ਮਲਟੀਪਲ ਖਾਤਿਆਂ ਨੂੰ ਚਲਾਉਣਾ ਮਿਲਾਨ ਪ੍ਰਕਿਰਿਆ ਨੂੰ ਮੁਸ਼ਕਲ ਬਣਾ ਦਿੰਦਾ ਹੈ ਜੋ ਪੈਸੇ ਦੀ ਦੁਰਵਰਤੋਂ ਦੀਆਂ ਸੰਭਾਵਨਾਵਾਂ ਨੂੰ ਵਧਾ ਸਕਦਾ ਹੈ। ਇਸ ਤੋਂ ਇਲਾਵਾ, ਉੱਪਰ ਦੱਸੇ ਅਨੁਸਾਰ ਮਲਟੀਪਲ ਬੈਂਕ ਖਾਤਿਆਂ ਦੀ ਸਾਂਭ-ਸੰਭਾਲ ਦੇ ਕਾਰਨ, ਲੈਣ-ਦੇਣ/ਵਾਊਚਰ ਨੂੰ ਕੈਸ਼ ਬੁੱਕ ਨਾਲ ਮਿਲਾਨਾ ਮੁਸ਼ਕਲ ਹੋ ਜਾਂਦਾ ਹੈ ਕਿਉਂਕਿ ਲੈਣ-ਦੇਣ ਵੱਖ-ਵੱਖ ਬੈਂਕ ਖਾਤਿਆਂ ਵਿੱਚ ਬਿਖਰਿਆ ਹੋਇਆ ਹੈ।

ਧਿਆਨ ਵਿੱਚ ਲਿਆਂਦੇ ਜਾਣ 'ਤੇ ਪੀ ਆਰ ਆਈਜ਼ (ਦੋ[5] ਨੂੰ ਛੱਡ ਕੇ) ਨੇ ਭਵਿੱਖ ਵਿੱਚ ਹਦਾਇਤਾਂ ਅਨੁਸਾਰ ਪਾਲਣਾ ਕਰਨ ਦਾ ਭਰੋਸਾ ਦਿਵਾਇਆ (ਜੂਨ 2019 ਤੋਂ ਮਾਰਚ 2023)।

2.6 ਸਾਲਾਨਾ ਲੇਖੇ ਤਿਆਰ ਨਾ ਕਰਨਾ

ਪੰਜਾਬ ਜ਼ਿਲ੍ਹਾ ਪ੍ਰੀਸ਼ਦ/ਪੰਚਾਇਤ ਸੰਮਤੀ (ਜਨਰਲ) ਵਿੱਤੀ ਬਜਟ ਲੇਖੇ ਅਤੇ ਲੇਖਾ ਪ੍ਰੀਖਿਆ ਨਿਯਮਾਵਲੀ, 2014 ਦੇ ਨਿਯਮ 27 ਅਤੇ 28 ਅਤੇ ਪੰਜਾਬ ਪੰਚਾਇਤੀ ਰਾਜ (ਗ੍ਰਾਮ ਪੰਚਾਇਤ) ਨਿਯਮਾਵਲੀ, 2012 ਦਾ ਨਿਯਮ 27 (10) ਵਿਵਸਥਾ ਕਰਦੇ ਹਨ ਕਿ ਜੀ ਪੀ, ਪੀ ਐਸ ਅਤੇ ਜ਼ੈਡ ਪੀ ਆਪਣੀ ਆਮਦਨ ਅਤੇ ਖਰਚੇ ਨੂੰ ਦਰਸਾਉਂਦੇ ਸਾਲਾਨਾ ਲੇਖੇ ਬਣਾਉਣਗੇ। ਇਸ ਤਰਾਂ ਬਣਾਏ ਲੇਖੇ ਜੀ ਪੀ ਦੇ ਮਾਮਲੇ ਵਿੱਚ ਅਗਲੀ 31 ਮਈ ਤੱਕ ਜੀ ਪੀ ਵੱਲੋਂ ਪੀ ਐਸ ਨੂੰ, ਪੀ ਐਸ ਤੋਂ ਜ਼ੈਡ ਪੀ ਅਤੇ ਜ਼ੈਡ ਪੀ ਸਰਕਾਰ ਨੂੰ ਅਤੇ ਪੀ ਐਸ ਅਤੇ ਜ਼ੈਡ ਪੀ ਦੇ ਮਾਮਲੇ ਵਿੱਚ 15 ਮਈ ਤੱਕ ਪੇਸ਼ ਕੀਤੇ ਜਾਣੇ ਸਨ।

ਸਾਲ 2019-20 ਤੋਂ 2022-23 ਦੌਰਾਨ ਚੁਣੇ ਗਏ ਪੀ ਆਰ ਆਈਜ਼ ਦੇ ਰਿਕਾਰਡ ਦੀ ਨਮੂਨਾ ਜਾਂਚ ਨੇ ਦਰਸਾਇਆ ਕਿ 43 ਈ ਓ ਪੀ ਐਸਜ਼, ਚਾਰ ਜ਼ੈਡ ਪੀਜ਼ ਅਤੇ 294 ਜੀ ਪੀਜ਼ ਨੇ ***ਅੰਤਿਕਾ 2.6 ੳ ਅਤੇ ਅੰਤਿਕਾ 2.6 ਅ*** ਵਿੱਚ ਵਿਸਥਾਰਤ 2013-14 ਤੋਂ 2021-22 ਦੇ ਸਮੇਂ ਦੇ ਸਾਲਾਨਾ ਲੇਖਿਆ ਨੂੰ ਬਣਾਇਆ/ਤਿਆਰ ਨਹੀਂ ਕੀਤਾ। ਇਸ ਦੀ ਅਣਹੋਂਦ ਵਿੱਚ, ਵਿਕਾਸ ਅਤੇ ਭਲਾਈ ਪ੍ਰੋਜੈਕਟਾਂ ਲਈ ਯੋਜਨਾਵਾਂ ਦੇ ਨਾਲ-ਨਾਲ ਆਪਣੇ ਸਰੋਤਾਂ ਦੇ ਪ੍ਰਬੰਧਨ ਵਿੱਚ ਸੰਸਥਾਵਾਂ ਦੀ ਵਿੱਤੀ ਸਿਹਤ, ਕੁਸ਼ਲਤਾ ਅਤੇ ਪ੍ਰਭਾਵਸ਼ੀਲਤਾ ਦਾਅ 'ਤੇ ਲੱਗ ਗਈ ਸੀ।

ਧਿਆਨ ਵਿੱਚ ਲਿਆਂਦੇ ਜਾਣ 'ਤੇ, ਪੀ ਆਰ ਆਈਜ਼ (12[6] ਨੂੰ ਛੱਡ ਕੇ) ਨੇ ਭਵਿੱਖ ਵਿੱਚ ਸਾਲਾਨਾ ਲੇਖੇ ਤਿਆਰ ਕਰਨ ਲਈ ਭਰੋਸਾ ਦਿਵਾਇਆ (ਮਈ 2019 ਤੋਂ ਮਾਰਚ 2023)।

---

5 ਜ਼ੈਡ ਪੀ - ਹੁਸ਼ਿਆਰਪੁਰ; ਈ ਓ ਪੀ ਐਸ - ਸੁਲਤਾਨਪੁਰ ਲੋਧੀ।

6 ਜ਼ੈਡ ਪੀਜ਼ ਐਸ - ਫਿਰੋਜ਼ਪੁਰ ਅਤੇ ਸੰਗਰੂਰ; ਈ ਓ ਪੀ ਐਸਜ਼ - ਸ਼੍ਰੀ ਮੁਕਤਸਰ ਸਾਹਿਬ, ਆਦਮਪੁਰ, ਧਾਰ ਕਲਾਂ, ਵਲਟੋਹਾ, ਕਾਹਨੂੰਵਾਨ, ਡੇਰਾ ਬੱਸੀ, ਸਨੌਰ, ਐਸ ਬੀ ਐਸ ਨਗਰ, ਤਰਸਿੱਕਾ ਅਤੇ ਸੁਨਾਮ।

2.7 ਸਾਲਾਨਾ ਪ੍ਰਸ਼ਾਸਨਿਕ ਰਿਪੋਰਟ ਤਿਆਰ ਨਾ ਕਰਨਾ

ਪੰਜਾਬ ਪੰਚਾਇਤੀ ਰਾਜ (ਗ੍ਰਾਮ ਪੰਚਾਇਤ) ਨਿਯਮਾਵਲੀ, 2012 ਦੇ ਨਿਯਮ 29 (1) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਹਰੇਕ ਜੀ ਪੀ ਦਾ ਪੰਚਾਇਤ ਸਕੱਤਰ ਹਰ ਸਾਲ 30 ਅਪ੍ਰੈਲ ਤੱਕ 31 ਮਾਰਚ ਨੂੰ ਸਮਾਪਤ ਹੋਏ ਪਿਛਲੇ ਵਿੱਤੀ ਸਾਲ ਲਈ ਸਾਲਾਨਾ ਪ੍ਰਸ਼ਾਸਨਿਕ ਰਿਪੋਰਟ (ਏ ਏ ਆਰ) ਤਿਆਰ ਕਰੇਗਾ ਜਿਸ ਨੂੰ ਜੀ ਪੀ ਦੀ ਮੀਟਿੰਗ ਵਿੱਚ ਪੇਸ਼ ਕਰਕੇ ਸਬੰਧਤ ਪੰਚਾਇਤ ਸੰਮਤੀ ਨੂੰ ਭੇਜਿਆ ਜਾਵੇਗਾ। ਇਸ ਵਿੱਚ ਸਾਲ ਦੌਰਾਨ ਜੀ ਪੀ ਦੀਆਂ ਮਹੱਤਵਪੂਰਨ ਗਤੀਵਿਧੀਆਂ ਦਾ ਨੋਟ ਵੀ ਹੋਵੇਗਾ।

ਇਸ ਤੋਂ ਇਲਾਵਾ, ਨਿਯਮ 29 (2) (ਪੀ ਪੀ ਆਰ ਐਕਟ 1994 ਦੀ ਧਾਰਾ 7 ਅਤੇ 95 ਦੇ ਨਾਲ ਪੜ੍ਹ ਕੇ) ਇਹ ਵਿਵਸਥਾ ਕਰਦਾ ਹੈ ਕਿ ਈ ਓ ਪੀ ਐਸ ਆਪਣੇ ਅਧਿਕਾਰ ਖੇਤਰ ਦੇ ਅੰਦਰ ਸਾਰੇ ਜੀ ਪੀਜ਼ ਦੀ ਰਿਪੋਰਟ ਦੀ ਜਾਂਚ ਕਰਨ ਤੋਂ ਬਾਅਦ, ਹਰ ਸਾਲ 15 ਮਈ ਤੱਕ ਆਪਣੇ ਵਿਚਾਰਾਂ ਦੇ ਨਾਲ ਇੱਕ ਸੰਗਠਿਤ ਰਿਪੋਰਟ ਤਿਆਰ ਕਰਦਾ ਹੈ ਅਤੇ ਇਸ ਬਾਰੇ ਆਪਣੇ ਵਿਚਾਰਾਂ ਨੂੰ ਜੀ ਪੀ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀ ਈ ਓ) ਨੂੰ ਭੇਜਦਾ ਹੈ। ਇਸ ਤੋਂ ਬਾਅਦ ਸੀ ਈ ਓ ਹਰ ਸਾਲ 30 ਜੂਨ ਤੱਕ ਖੇਤਰ ਦੇ ਡਵੀਜ਼ਨਲ ਡਿਪਟੀ ਡਾਇਰੈਕਟਰ ਨੂੰ ਰਿਪੋਰਟ ਭੇਜੇਗਾ ਤਾਂ ਜੋ ਡਾਇਰੈਕਟਰ ਕੋਲ ਤੁਰੰਤ ਅੱਗੇ ਭੇਜਿਆ ਜਾ ਸਕੇ।

ਸਾਲ 2019-20 ਤੋਂ 2022-23 ਦੇ ਸਮੇਂ ਦੌਰਾਨ ਚੁਣੇ ਗਏ ਪੀ ਆਰ ਆਈਜ਼ ਦੇ ਰਿਕਾਰਡ ਦੀ ਨਮੂਨਾ ਜਾਂਚ ਨੇ ਦਰਸਾਇਆ ਕਿ ਰਿਪੋਰਟ ਪੀ ਆਰ ਆਈਜ਼ ਦੁਆਰਾ ਤਿਆਰ ਨਹੀਂ ਕੀਤੀਆਂ ਗਈਆਂ ਸਨ ਜਿਵੇਂ ਕਿ ***ਅੰਤਿਕਾ 2.7*** ਵਿੱਚ ਵੇਰਵਾ ਦਿੱਤਾ ਗਿਆ ਹੈ। ਇਸ ਦੀ ਅਣਹੋਂਦ ਵਿੱਚ, ਜਨਤਾ ਨੂੰ ਜੀ ਪੀਜ਼ ਦੀਆਂ ਮਹੱਤਵਪੂਰਨ ਗਤੀਵਿਧੀਆਂ ਅਤੇ ਇਨ੍ਹਾਂ ਸੰਸਥਾਵਾਂ ਦੁਆਰਾ ਕੀਤੇ ਜਾਣ ਵਾਲੇ ਵਿਕਾਸ ਪ੍ਰੋਗਰਾਮਾਂ ਬਾਰੇ ਪਤਾ ਨਹੀਂ ਹੋਵੇਗਾ।

ਚਾਰ ਪੀ ਆਰ ਆਈਜ਼[7] ਨੇ ਜਵਾਬ ਪੇਸ਼ ਨਹੀਂ ਕੀਤਾ ਸੀ। ਬਾਕੀਆਂ ਨੇ ਭਰੋਸਾ ਦਿਵਾਇਆ (ਦਸੰਬਰ 2020 ਤੋਂ ਮਾਰਚ 2023) ਕਿ ਭਵਿੱਖ ਵਿੱਚ ਸਾਲਾਨਾ ਪ੍ਰਸ਼ਾਸਨਿਕ ਰਿਪੋਰਟ ਤਿਆਰ ਕੀਤੀ ਜਾਵੇਗੀ।

7 ਜ਼ੈਡ ਪੀ - ਹੁਸ਼ਿਆਰਪੁਰ; ਈ ਓ ਪੀ ਐਸਜ਼ - ਸ਼੍ਰੀ ਅਨੰਦਪੁਰ ਸਾਹਿਬ, ਰਾਜਪੁਰਾ ਅਤੇ ਸੁਨਾਮ।

ਭਾਗ-ਅ

ਸ਼ਹਿਰੀ ਸਥਾਨਕ ਸੰਸਥਾਵਾਂ

ਅਧਿਆਇ-III

ਸ਼ਹਿਰੀ ਸਥਾਨਕ ਸੰਸਥਾਵਾਂ ਦੀ ਝਲਕ

ਅਧਿਆਇ-III

ਸ਼ਹਿਰੀ ਸਥਾਨਕ ਸੰਸਥਾਵਾਂ ਦੀ ਝਲਕ

3.1 ਸ਼ਹਿਰੀ ਸਥਾਨਕ ਸੰਸਥਾਵਾਂ ਦਾ ਪਿਛੋਕੜ

ਸੰਵਿਧਾਨ (ਚੌਹੱਤਰਵੀਂ ਸੋਧ) ਐਕਟ, 1992 (74ਵੀਂ ਸੀ ਏ ਏ) ਸ਼ਹਿਰੀ ਸਥਾਨਕ ਸੰਸਥਾਵਾਂ (ਯੂ ਐਲ ਬੀਜ਼) ਨੂੰ ਸੰਵਿਧਾਨਕ ਮਾਨਤਾ ਦੇਣ ਦੇ ਉਦੇਸ਼ ਨਾਲ ਲਾਗੂ ਕੀਤਾ ਗਿਆ ਸੀ। ਇਸ ਨੇ ਯੂ ਐਲ ਬੀਜ਼ ਨੂੰ ਸ਼ਕਤੀ ਦੇ ਵਿਕੇਂਦਰੀਕਰਣ, ਤਬਾਦਲੇ ਅਤੇ ਵਧੇਰੇ ਕਾਰਜਾਂ ਅਤੇ ਫੰਡਾਂ ਨੂੰ ਸੌਂਪਣ ਦਾ ਰਾਹ ਪੱਧਰਾ ਕੀਤਾ। ਇਸ ਦਾ ਉਦੇਸ਼ ਯੂ ਐਲ ਬੀਜ਼ ਨੂੰ ਆਤਮ ਨਿਰਭਰ ਬਣਾਉਣਾ ਅਤੇ ਉਨ੍ਹਾਂ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਲੋਕਾਂ ਨੂੰ ਵਧੀਆ ਨਾਗਰਿਕ ਸਹੂਲਤਾਂ ਮੁਹੱਈਆ ਕਰਵਾਉਣਾ ਸੀ। ਨਤੀਜੇ ਵਜੋਂ, ਨਗਰ ਨਿਗਮ, ਨਗਰ ਕੌਂਸਲ ਅਤੇ ਨਗਰ ਪੰਚਾਇਤ ਨਾਮਕ ਤਿੰਨ ਪੱਧਰਾਂ ਰਾਹੀਂ ਹੋਰ ਵਿਭਿੰਨ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਸਨ। 74ਵੀਂ ਸੀ ਏ ਏ, ਦੇ ਉਪਬੰਧਾਂ ਨੂੰ ਸ਼ਾਮਲ ਕਰਨ ਲਈ, ਰਾਜ ਵਿਧਾਨਪਾਲਿਕਾ ਨੇ ਨਗਰ ਨਿਗਮਾਂ ਲਈ ਪੰਜਾਬ ਮਿਊਂਸਪਲ ਕਾਰਪੋਰੇਸ਼ਨ (ਪੀ ਐਮ ਸੀ) ਐਕਟ, 1976 ਅਤੇ ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਲਈ ਪੰਜਾਬ ਮਿਊਂਸਪਲ (ਪੀ ਐਮ) ਐਕਟ, 1911 (1994 ਵਿੱਚ ਸੋਧਿਤ) ਬਣਾਇਆ/ਸੋਧਿਆ। ਯੂ ਐਲ ਬੀਜ਼ ਦਾ ਸ਼ਾਸਨ ਪ੍ਰਬੰਧ ਚੁਣੇ ਹੋਏ ਨੁਮਾਇੰਦਿਆਂ ਜਿਨ੍ਹਾਂ ਦੀ ਮਿਆਦ ਪੰਜ ਸਾਲ ਹੁੰਦੀ ਹੈ, ਦੁਆਰਾ ਚਲਾਇਆ ਜਾਂਦਾ ਹੈ।

3.1.1 ਲੇਖਾ ਪ੍ਰੀਖਿਆ ਦਾ ਅਧਿਕਾਰ

ਤੇਰ੍ਹਵੇਂ ਵਿੱਤ ਕਮਿਸ਼ਨ (ਟੀ ਐਫ ਸੀ) ਨੇ ਸਿਫਾਰਸ਼ ਕੀਤੀ ਕਿ ਰਾਜ ਸਰਕਾਰ ਦੁਆਰਾ ਯੂ ਐਲ ਬੀਜ਼ ਦੀਆਂ ਸਾਰੀਆਂ ਸ਼੍ਰੇਣੀਆਂ ਲਈ ਲੇਖਾ ਪ੍ਰੀਖਿਆ ਪ੍ਰਣਾਲੀ ਸਥਾਪਤ ਕਰਨੀ ਚਾਹੀਦੀ ਹੈ। ਚੌਦ੍ਹਵੇਂ ਵਿੱਤ ਕਮਿਸ਼ਨ (ਐਫ ਐਫ ਸੀ) ਨੇ ਵੀ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ (ਸੀ ਏ ਜੀ) ਦੁਆਰਾ ਤਕਨੀਕੀ ਮਾਰਗਦਰਸ਼ਨ ਅਤੇ ਸਹਾਇਤਾ (ਟੀ ਜੀ ਐਸ) ਵਿਵਸਥਾ ਨੂੰ ਜਾਰੀ ਰੱਖਣ ਦੀ ਸਿਫਾਰਸ਼ ਕੀਤੀ ਸੀ। ਟੀ ਐਫ ਸੀ ਅਤੇ ਐਫ ਐਫ ਸੀ ਦੀਆਂ ਸਿਫਾਰਸ਼ਾਂ ਦੇ ਅਧਾਰ ਤੇ ਜੀ ਓ ਪੀ ਵੱਲੋਂ ਨੇ ਸੀ ਏ ਜੀ (ਕਰੱਤਵ, ਸ਼ਕਤੀਆਂ ਅਤੇ ਸੇਵਾ ਦੀਆਂ ਸ਼ਰਤਾਂ) ਐਕਟ, 1971 ਦੀ ਧਾਰਾ 20 (1) ਦੇ ਅਧੀਨ ਸੀ ਏ ਜੀ ਨੂੰ ਯੂ ਐਲ ਬੀਜ਼ ਦੀ ਲੇਖਾ ਪ੍ਰੀਖਿਆ ਸੌਂਪੀ ਗਈ (ਅਗਸਤ 2011, ਅਗਸਤ 2016 ਅਤੇ ਮਾਰਚ 2022) ਤਾਂ ਜੋ ਨਿਰੀਖਕ, ਲੋਕਲ ਫੰਡ ਅਕਾਊਂਟਸ, ਪੰਜਾਬ (ਈ ਐਲ ਐਫ ਏ) ਦੇ ਕੰਮ ਤੇ ਯੂ ਐਲ ਬੀਜ਼ ਦੇ ਲੇਖਾ ਪ੍ਰੀਖਿਆ ਬਾਰੇ ਟੀ ਜੀ ਐਸ ਪ੍ਰਦਾਨ ਕੀਤੀ ਜਾ ਸਕੇ।

3.1.2 ਸ਼ਹਿਰੀ ਸਥਾਨਕ ਸੰਸਥਾਵਾਂ ਦੀ ਰੂਪ ਰੇਖਾ

ਪੰਜਾਬ ਵਿੱਚ, ਯੂ ਐਲ ਬੀਜ਼ ਨੂੰ ਤਿੰਨ ਸ਼੍ਰੇਣੀਆਂ ਭਾਵ ਨਗਰ ਨਿਗਮ, ਨਗਰ ਕੌਂਸਲ ਅਤੇ ਨਗਰ ਪੰਚਾਇਤ ਵਿੱਚ ਵੰਡਿਆ ਗਿਆ ਹੈ। 31 ਮਾਰਚ 2022 ਤੱਕ, 13 ਨਗਰ ਨਿਗਮ, 101 ਨਗਰ ਕੌਂਸਲਾਂ ਅਤੇ 52 ਨਗਰ ਪੰਚਾਇਤਾਂ ਸਨ।

ਚਾਰਟ 3.1: 31 ਮਾਰਚ 2022 ਨੂੰ ਪੰਜਾਬ ਵਿੱਚ ਯੂ ਐਲ ਬੀਜ਼



ਨਗਰਪਾਲਿਕਾ ਖੇਤਰਾਂ ਨੂੰ ਵਾਰਡਾਂ ਵਿੱਚ ਵੰਡਿਆ ਗਿਆ ਹੈ ਜੋ ਰਾਜ ਸਰਕਾਰ ਦੁਆਰਾ ਨੋਟੀਫਾਈ ਕੀਤੇ ਜਾਂਦੇ ਹਨ। ਹਰੇਕ ਯੂ ਐਲ ਬੀ ਕੋਲ ਇੱਕ ਚੁਣੀ ਹੋਈ ਗਵਰਨਿੰਗ ਸੰਸਥਾ ਹੁੰਦੀ ਹੈ ਜਿਸ ਦੀ ਅਗਵਾਈ ਨਗਰ ਨਿਗਮ ਦੇ ਮਾਮਲੇ ਵਿੱਚ ਮੇਅਰ ਅਤੇ ਨਗਰ ਕੌਂਸਲ ਜਾਂ ਨਗਰ ਪੰਚਾਇਤ ਦੇ ਮਾਮਲੇ ਵਿੱਚ ਪ੍ਰਧਾਨ ਕਰਦੇ ਹਨ।

ਸਾਲ 2019-20, 2020-21, 2021-22 ਅਤੇ 2022-23 ਦੌਰਾਨ, ਲੇਖਾ ਪ੍ਰੀਖਿਆ ਕੀਤੀਆਂ ਗਈਆਂ ਇਕਾਈਆਂ ਦੀ ਕੁੱਲ ਗਿਣਤੀ ਕ੍ਰਮਵਾਰ 91, 31, 25 ਅਤੇ 79 ਸੀ ***(ਅੰਤਿਕਾ 3.1)***। ਮਾਰਚ 2023 ਤੱਕ ਜਾਂ ਉਸ ਤੋਂ ਬਾਅਦ ਦੀਆਂ ਲੇਖਾ ਪ੍ਰੀਖਿਆ ਲੱਭਤਾਂ ਦੇ ਤਾਜ਼ਾ ਜਵਾਬ, ਜਿੱਥੇ ਵੀ ਪ੍ਰਾਪਤ ਹੋਏ ਹਨ, ਨੂੰ ਸਬੰਧਤ ਪੈਰ੍ਹਿਆਂ ਵਿੱਚ ਸ਼ਾਮਲ ਕੀਤਾ ਗਿਆ ਹੈ।

3.1.3 ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ ਲੇਖਾ ਪ੍ਰਣਾਲੀ

ਗਿਆਰਵੇਂ ਵਿੱਤ ਕਮਿਸ਼ਨ (ਈ ਐਫ ਸੀ) ਦੀਆਂ ਸਿਫਾਰਸ਼ਾਂ ਦੇ ਅਨੁਸਾਰ, ਭਾਰਤ ਸਰਕਾਰ, ਸ਼ਹਿਰੀ ਵਿਕਾਸ ਮੰਤਰਾਲੇ (ਐਮ ਓ ਯੂ ਡੀ) ਨੇ ਸੀ ਏ ਜੀ ਨਾਲ ਸਲਾਹ ਮਸ਼ਵਰਾ ਕਰਕੇ ਨੈਸ਼ਨਲ ਮਿਊਂਸਪਲ ਅਕਾਊਂਟਸ ਮੈਨੂਅਲ (ਐਨ ਐਮ ਏ ਐਮ) ਵਿਕਸਤ ਕੀਤਾ (ਦਸੰਬਰ 2004) ਤਾਂ ਜੋ ਨਾ ਸਿਰਫ ਜਨਤਕ ਫੰਡਾਂ ਦੀ ਵਰਤੋਂ ਵਿੱਚ ਪਾਰਦਸ਼ਤਾ ਅਤੇ ਜਵਾਬਦੇਹੀ ਵਧਾਈ ਜਾ ਸਕੇ ਬਲਕਿ ਯੂ ਐਲ ਬੀਜ਼ ਨੂੰ ਆਪਣੀ ਭੂਮਿਕਾ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਉਣ ਅਤੇ ਬਿਹਤਰ ਸੇਵਾ ਪ੍ਰਦਾਨ ਕਰਨ ਨੂੰ ਯਕੀਨੀ ਬਣਾਉਣ ਵਿੱਚ ਸਹਾਇਤਾ ਕੀਤੀ ਜਾ ਸਕੇ। ਪੰਜਾਬ ਸਰਕਾਰ (ਜੀ ਓ ਪੀ) ਨੇ ਬਾਰਾਂ ਸਾਲਾਂ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਅਦ (ਸਤੰਬਰ 2017) ਪੰਜਾਬ ਮਿਊਂਸਪਲ ਅਕਾਊਂਟਿੰਗ ਮੈਨੂਅਲ 2017 ਨੂੰ ਨੋਟੀਫਾਈ ਕੀਤਾ।

ਯੂ ਐਲ ਬੀਜ਼ ਦੇ ਲੇਖਿਆਂ ਦੀ ਨਿਗਰਾਨੀ ਨਗਰ ਨਿਗਮਾਂ ਦੇ ਮਾਮਲੇ ਵਿੱਚ ਕਮਿਸ਼ਨਰਾਂ ਦੁਆਰਾ ਕੀਤੀ ਜਾਂਦੀ ਹੈ ਅਤੇ ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਦੇ ਮਾਮਲੇ ਵਿੱਚ ਕਾਰਜਸਾਧਕ ਅਧਿਕਾਰੀ ਦੁਆਰਾ ਕੀਤੀ ਜਾਂਦੀ ਹੈ।

ਪੰਜਾਬ ਨਗਰ ਪਾਲਿਕਾ-ਬੁਨਿਆਦੀ ਢਾਂਚਾ ਵਿਕਾਸ ਕਾਰਪੋਰੇਸ਼ਨ ਵੱਲੋਂ ਨਗਰ ਪਾਲਿਕਾਵਾਂ ਦੀਆਂ ਹਰ ਕਿਸਮ ਦੀਆਂ ਪ੍ਰਾਪਤੀਆਂ ਅਤੇ ਖਰਚਿਆਂ ਨੂੰ ਰਿਕਾਰਡ ਕਰਨ ਲਈ ਇੱਕ ਵੈੱਬ-ਅਧਾਰਤ ਏਕੀਕ੍ਰਿਤ ਸਾਫਟਵੇਅਰ 'ਐਮ-ਸੇਵਾ' ਵਿਕਸਤ ਕੀਤਾ ਗਿਆ ਹੈ।

3.2 ਸ਼ਹਿਰੀ ਸਥਾਨਕ ਸੰਸਥਾਵਾਂ ਦਾ ਸੰਗਠਨਾਤਮਕ ਢਾਂਚਾ

ਰਾਜ ਵਿੱਚ ਯੂ ਐਲ ਬੀਜ਼ ਦੇ ਸੰਗਠਨਾਤਮਕ ਢਾਂਚੇ ਨੂੰ **ਚਾਰਟ 3.2** ਵਿੱਚ ਦਰਸਾਇਆ ਗਿਆ ਹੈ।

ਚਾਰਟ 3.2: ਸਥਾਨਕ ਸਰਕਾਰ ਵਿਭਾਗ ਦਾ ਸੰਗਠਨਾਤਮਕ ਚਾਰਟ



ਸ੍ਰੋਤ: ਸਥਾਨਕ ਸਰਕਾਰ ਵਿਭਾਗ, ਪੰਜਾਬ

3.2.1 ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ ਸਥਾਈ ਕਮੇਟੀਆਂ

ਵਿੱਤੀ ਮਾਮਲਿਆਂ ਅਤੇ ਸਕੀਮਾਂ ਨੂੰ ਲਾਗੂ ਕਰਨ ਵਿੱਚ ਸ਼ਾਮਲ ਯੂ ਐਲ ਬੀਜ਼ ਅਤੇ ਵੱਖ-ਵੱਖ ਸਥਾਈ ਕਮੇਟੀਆਂ ਦੇ ਕੰਮਕਾਜ ਦੀ ਸੰਖੇਪ ਜਾਣ-ਪਛਾਣ **ਸਾਰਣੀ 3.1** ਵਿੱਚ ਦਿੱਤੀ ਗਈ ਹੈ।

ਸਾਰਣੀ 3.1: ਸਥਾਈ ਕਮੇਟੀਆਂ ਦੀ ਭੂਮਿਕਾ ਅਤੇ ਜ਼ਿੰਮੇਵਾਰੀਆਂ

ਯੂ ਐਲ ਬੀਜ਼ ਦਾ ਪੱਧਰ	ਸਥਾਈ ਕਮੇਟੀਆਂ ਦੀ ਭੂਮਿਕਾ ਅਤੇ ਜ਼ਿੰਮੇਵਾਰੀਆਂ
ਨਗਰ ਨਿਗਮ	ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ, 1976 ਦੇ ਅਨੁਭਾਗ 42 ਅਨੁਸਾਰ ਹਰ ਨਗਰ ਨਿਗਮ, ਵਿੱਤ ਅਤੇ ਠੇਕਾ ਕਮੇਟੀ, ਜਲ ਸਪਲਾਈ ਅਤੇ ਸੀਵਰੇਜ਼ ਡਿਸਪੋਜ਼ਲ ਕਮੇਟੀ, ਹਾਊਸ ਟੈਕਸ ਮੁਲਾਂਕਣ ਕਮੇਟੀ, ਭਵਨ ਅਤੇ ਸੜਕ ਕਮੇਟੀ, ਵਾਰਡ ਕਮੇਟੀ, ਜ਼ਿਲਾ ਯੋਜਨਾਬੰਦੀ ਕਮੇਟੀ ਅਤੇ ਮਹਾਂ ਨਗਰ ਯੋਜਨਾਬੰਦੀ ਕਮੇਟੀ ਜਾਂ ਕੋਈ ਐਡਹਾਕ ਕਮੇਟੀ ਦਾ ਗਠਨ ਕਰ ਸਕਦੀ ਹੈ, ਜਿਵੇਂ ਕਿ ਕਿਸੇ ਵੀ ਸ਼ਕਤੀ ਦੀ ਵਰਤੋਂ ਕਰਨ ਜਾਂ ਕੋਈ ਅਜਿਹਾ ਕੰਮ ਕਰਨ ਲਈ ਜਿਹੜਾ ਕਿ ਨਿਗਮ ਇੱਕ ਮਤੇ ਰਾਹੀਂ ਇਨ੍ਹਾਂ ਨੂੰ ਸੌਂਪ ਸਕਦਾ ਹੈ ਜਾਂ ਕਿਸੇ ਤਰ੍ਹਾਂ ਦੀ ਜਾਂਚ ਪੜਤਾਲ, ਰਿਪੋਰਟਿੰਗ ਜਾਂ ਕਿਸੇ ਤਰੀਕੇ ਨਾਲ ਸਲਾਹ ਲਈ ਜਿਹੜੀ ਕਿ ਨਿਗਮ ਇਨ੍ਹਾਂ ਨੂੰ ਦੇ ਸਕਦੀ ਹੈ।
ਨਗਰ ਕੌਂਸਲ/ਨਗਰ ਪੰਚਾਇਤ	ਪੰਜਾਬ ਮਿਊਂਸਪਲ ਐਕਟ, 1911 ਦੇ ਅਨੁਭਾਗ 34 ਅਨੁਸਾਰ, ਨਗਰ ਕੌਂਸਲ/ਨਗਰ ਪੰਚਾਇਤ ਕਿਸੇ ਇਕ ਜਾਂ ਜਿਆਦਾ ਵਾਰਡਾਂ ਦੇ ਪ੍ਰਬੰਧਨ ਲਈ ਇਕ ਉਪ ਕਮੇਟੀ ਦੀ ਨਿਯੁਕਤੀ ਕਰ ਸਕਦੀ ਹੈ ਅਤੇ ਉਸ ਉਪ ਕਮੇਟੀ ਨੂੰ ਵਾਰਡ ਜਾਂ ਵਾਰਡਾਂ ਵਿੱਚ ਕਮੇਟੀ ਦੇ ਸਾਰੇ ਅਧਿਕਾਰ ਜਾਂ ਕੋਈ ਇਕ ਅਧਿਕਾਰ ਵਰਤਣ ਦਾ ਜ਼ਿੰਮਾ ਲਗਾ ਸਕਦੀ ਹੈ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ:

- 13 ਵਿੱਚੋਂ 11[1] ਨਗਰ ਨਿਗਮਾਂ ਨੇ *ਧਾਰਾ 42 (4)* ਅਧੀਨ ਲੋੜੀਂਦੀ ਵਿੱਤ ਅਤੇ ਠੇਕਾ ਕਮੇਟੀ ਦਾ ਗਠਨ ਕੀਤਾ।
- 13 ਨਗਰ ਨਿਗਮਾਂ ਵਿੱਚੋਂ ਸਿਰਫ ਇਕ ਨਗਰ ਨਿਗਮ ਮੋਗਾ ਨੇ *ਧਾਰਾ 42 (3)* ਅਧੀਨ ਸਾਰੀਆਂ ਤਿੰਨ[2] ਕਮੇਟੀਆਂ ਦੇ ਨਾਲ ਅਤੇ ਚਾਰ[3] ਐਡਹਾਕ ਕਮੇਟੀਆਂ ਦਾ ਗਠਨ ਕੀਤਾ।
- ਜਦੋਂਕਿ, ਸਿਰਫ ਦੋ ਨਗਰ ਨਿਗਮਾਂ ਪਟਿਆਲਾ ਅਤੇ ਮੋਗਾ ਨੇ ਹਾਊਸ ਟੈਕਸ ਮੁਲਾਂਕਣ ਕਮੇਟੀ ਦਾ ਗਠਨ ਕੀਤਾ ਜਦੋਂਕਿ ਬਾਕੀ 11 ਨਗਰ ਨਿਗਮਾਂ ਨੇ *ਧਾਰਾ 42 (3)* ਅਧੀਨ ਲੋੜੀਂਦੀ ਕੋਈ ਕਮੇਟੀ ਨਹੀਂ ਬਣਾਈ।

ਲੇਖਾ ਪ੍ਰੀਖਿਆ ਨੇ ਅੱਗੇ ਵੇਖਿਆ ਕਿ ਰਾਜ ਦੇ ਕਿਸੇ ਵੀ ਨਗਰ ਨਿਗਮ ਵਿੱਚ ਕੋਈ ਵਾਰਡ ਕਮੇਟੀਆਂ ਅਤੇ ਜ਼ਿਲ੍ਹਾ ਯੋਜਨਾ ਕਮੇਟੀਆਂ ਦਾ ਗਠਨ ਨਹੀਂ ਕੀਤਾ ਗਿਆ ਸੀ। ਇਹ ਅਜਿਹੀਆਂ ਕਮੇਟੀਆਂ ਦੇ ਉਦੇਸ਼ਾਂ ਨੂੰ ਹਰਾ ਸਕਦੀ ਹੈ, ਜਿਸ ਵਿੱਚ ਵਿਕਾਸ ਯੋਜਨਾਵਾਂ ਦੀ ਤਿਆਰੀ ਅਤੇ ਇਸ ਨੂੰ ਲਾਗੂ ਕਰਨਾ ਸ਼ਾਮਲ ਹੈ।

3.2.2 ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ ਸਟਾਫ ਦੀ ਸਥਿਤੀ

ਸਥਾਨਕ ਸਰਕਾਰਾਂ ਵਿਭਾਗ, ਰਾਜ ਵਿੱਚ ਸਾਰੇ ਯੂ ਐਲ ਬੀਜ਼ ਦੇ ਕੰਮਕਾਜ ਨੂੰ ਨਿਰਦੇਸ਼ਤ ਨਿਗਰਾਨੀ ਅਤੇ ਨਿਯੰਤਰਣ ਕਰਦਾ ਹੈ।

---

1 ਪਟਿਆਲਾ, ਅੰਮ੍ਰਿਤਸਰ, ਹੁਸ਼ਿਆਰਪੁਰ, ਜਲੰਧਰ, ਬਠਿੰਡਾ, ਪਠਾਨਕੋਟ, ਅਬੋਹਰ, ਲੁਧਿਆਣਾ, ਮੁਹਾਲੀ, ਕਪੂਰਥਲਾ ਅਤੇ ਮੋਗਾ।

2 ਜਲ ਸਪਲਾਈ ਅਤੇ ਸੀਵਰੇਜ਼ ਨਿਪਟਾਰਾ ਕਮੇਟੀ, ਭਵਨ ਅਤੇ ਸੜਕ ਕਮੇਟੀ ਅਤੇ ਹਾਊਸ ਟੈਕਸ ਮੁਲਾਂਕਣ ਕਮੇਟੀ।

3 ਸ਼ਿਕਾਇਤ ਉਪ ਕਮੇਟੀ, ਸਟਰੀਟ ਲਾਈਟ ਉਪ ਕਮੇਟੀ, ਸੈਨੀਟੇਸ਼ਨ ਉਪ ਕਮੇਟੀ ਅਤੇ ਫਾਇਰ ਬਿਗ੍ਰੇਡ ਉਪ ਕਮੇਟੀ।

ਸਾਲ 2019-22 ਦੇ ਸਮੇਂ ਦੌਰਾਨ ਰਾਜ ਦੀਆਂ ਵੱਖ-ਵੱਖ ਨਗਰ ਨਿਗਮ, ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਵਿੱਚ ਸਟਾਫ ਦੀ ਸਮੂਹ-ਵਾਰ ਸਥਿਤੀ **ਸਾਰਣੀ 3.2** ਵਿੱਚ ਦਰਸਾਈ ਗਈ ਹੈ।

ਸਾਰਣੀ 3.2: ਯੂ ਐਲ ਬੀਜ਼ ਦੇ ਸਟਾਫ ਦੀ ਸਮੂਹ-ਵਾਰ ਸਥਿਤੀ

ਸਾਲ	ਸਮੂਹ	ਮਨਜ਼ੂਰਸ਼ੁਦਾ ਨਫਰੀ	ਤੈਨਾਤ ਵਿਅਕਤੀ	ਕਮੀ	ਕਮੀ *(ਪ੍ਰਤੀਸ਼ਤ)*
2019-20	ਏ	473	264	209	44.19
	ਬੀ	2,165	1,251	914	42.22
	ਸੀ	7,810	3,927	3,883	49.72
	ਡੀ	27,158	19,281	7,877	29.00
	ਜੋੜ	**37,606**	**24,723**	**12,883**	**34.26**
2020-21	ਏ	531	240	291	54.80
	ਬੀ	2,229	1,182	1,047	46.97
	ਸੀ	8,052	3,072	4,980	61.85
	ਡੀ	29,005	17,890	11,115	38.32
	ਜੋੜ	**39,817**	**22,384**	**17,433**	**43.78**
2021-22	ਏ	683	296	387	56.66
	ਬੀ	2,694	1,223	1,471	54.60
	ਸੀ	9,072	3,795	5,277	58.17
	ਡੀ	37,402	27,773	9,629	25.74
	ਜੋੜ	**49,851**	**33,087**	**16,764**	**33.63**

ਸ੍ਰੋਤ: ਵਿਭਾਗੀ ਡਾਟਾ

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਯੂ ਐਲ ਬੀਜ਼ ਵਿੱਚ ਸਟਾਫ ਦੀ ਕਮੀ 34.26 *ਪ੍ਰਤੀਸ਼ਤ* (ਮਾਰਚ 2020 ਤੱਕ), 43.78 *ਪ੍ਰਤੀਸ਼ਤ* (ਮਾਰਚ 2021 ਤੱਕ) ਅਤੇ 33.63 *ਪ੍ਰਤੀਸ਼ਤ* (ਮਾਰਚ 2022 ਤੱਕ) ਸੀ।

ਯੂ ਐਲ ਬੀਜ਼ ਵਿੱਚ ਸਟਾਫ ਦੀ ਕਮੀ ਲੋੜੀਂਦੇ ਉਦੇਸ਼ ਨੂੰ ਪ੍ਰਾਪਤ ਕਰਨ ਅਤੇ ਜਨਤਾ ਨੂੰ ਅਨੁਮਾਨਤ ਸੇਵਾ ਪ੍ਰਦਾਨ ਕਰਨ ਲਈ ਨੁਕਸਾਨਦੇਹ ਹੋ ਸਕਦੀ ਹੈ।

3.2.3 ਕਾਰਜਾਂ ਦੀ ਸਪੁਰਦਗੀ

74[ਵੀਂ] ਸੰਵਿਧਾਨਕ ਸੋਧ ਐਕਟ (1992) ਨੇ ਭਾਰਤ ਦੇ ਸੰਵਿਧਾਨ ਦੀ 12[ਵੀਂ] ਅਨੁਸੂਚੀ ਵਿੱਚ ਨਿਰਧਾਰਤ 18 ਕਾਰਜਾਂ ਦੇ ਸਬੰਧ ਵਿੱਚ ਯੂ ਐਲ ਬੀਜ਼ ਨੂੰ ਕੰਮ ਕਰਨ ਅਤੇ ਯੋਜਨਾਵਾਂ ਸਕੀਮਾਂ ਨੂੰ ਲਾਗੂ ਕਰਨ ਦਾ ਅਧਿਕਾਰ ਦੇਣ ਦੀ ਮੰਗ ਕੀਤੀ। ਇਸ ਦੀ ਪਾਲਣਾ ਕਰਦੇ ਹੋਏ, ਪੰਜਾਬ ਸਰਕਾਰ ਨੇ ਪੰਜਾਬ ਮਿਉਂਸਪਲ ਐਕਟ, 1911 ਦੀ ਧਾਰਾ 50-ਬੀ ਅਧੀਨ ਸਾਰੇ 18 ਕਾਰਜ ਯੂ ਐਲ ਬੀਜ਼ ਨੂੰ ਸੌਂਪੇ ਜੋ ਰਾਜ ਸਰਕਾਰ ਦੁਆਰਾ ਨੋਟੀਫਿਕੇਸ਼ਨ ਜਾਰੀ ਕੀਤੇ ਜਾਣ ਦੇ ਅਧੀਨ ਹਨ ਤਾਂ ਜੋ ਨਗਰ ਪਾਲਿਕਾਵਾਂ ਨੂੰ ਅਜਿਹੀਆਂ ਸ਼ਕਤੀਆਂ ਅਤੇ ਅਥਾਰਟੀਆਂ ਦਿੱਤੀਆਂ ਜਾ ਸਕਣ ਜੋ ਉਨ੍ਹਾਂ ਨੂੰ ਸਵੈ-ਸਰਕਾਰ ਦੀ ਸੰਸਥਾ ਵਜੋਂ ਕੰਮ ਕਰਨ ਦੇ ਯੋਗ ਬਣਾਉਣ ਲਈ ਲੋੜੀਂਦੀਆਂ ਹੋ ਸਕਦੀਆਂ ਹਨ।

ਹਾਲਾਂਕਿ, ਇਹ ਵੇਖਿਆ ਗਿਆ ਸੀ ਕਿ ਕਾਰਜਾਂ ਦੀ ਸਪੁਰਦਗੀ ਬਾਰੇ ਨੋਟੀਫਿਕੇਸ਼ਨ ਰਾਜ ਸਰਕਾਰ ਦੁਆਰਾ ਜਾਰੀ ਨਹੀਂ ਕੀਤੀ ਗਈ ਸੀ (ਦਸੰਬਰ 2023) ਅਤੇ ਯੂ ਐਲ ਬੀਜ਼ ਉਹ ਕੰਮ ਕਰ ਰਹੇ ਸਨ ਜੋ 74[ਵੀਂ] ਸੀ ਏ ਏ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਸੌਂਪੇ ਗਏ ਸਨ।

ਯੂ ਐਲ ਬੀਜ਼ ਦੀ ਕਾਰਜ-ਵਾਰ ਭੂਮਿਕਾ ਦੀ ਸਥਿਤੀ ਨੂੰ ਹੇਠਾਂ ਦਿੱਤੇ ਚਾਰਟ ਵਿੱਚ ਦਰਸਾਇਆ ਗਿਆ ਹੈ:

ਚਾਰਟ 3.3: 31 ਮਾਰਚ 2022 ਨੂੰ ਯੂ ਐਲ ਬੀਜ਼ ਦੀ ਕਾਰਜ-ਵਾਰ ਭੂਮਿਕਾ ਦੀ ਸਥਿਤੀ



ਚਾਰਟ 3.3 ਦਰਸਾਉਂਦਾ ਹੈ ਕਿ ਕੁੱਲ 18 ਕਾਰਜਾਂ ਵਿੱਚੋਂ, ਯੂ ਐਲ ਬੀਜ਼ ਸਿਰਫ ਸੱਤ[4] ਕਾਰਜਾਂ ਲਈ ਜ਼ਿੰਮੇਵਾਰ ਹਨ। ਦਸ[5] ਕਾਰਜਾਂ ਵਿੱਚ, ਯੂ ਐਲ ਬੀਜ਼ ਦੀ ਘੱਟੋ ਘੱਟ ਭੂਮਿਕਾਵਾਂ ਹੁੰਦੀਆਂ ਹਨ ਅਤੇ/ਜਾਂ ਉਨ੍ਹਾਂ ਦੀ ਰਾਜ ਵਿਭਾਗਾਂ ਅਤੇ/ਜਾਂ ਪੈਰਾਸਟੇਟਲ ਸੰਸਥਾਵਾਂ ਨਾਲ ਓਵਰਲੈਪਿੰਗ ਅਧਿਕਾਰੀ ਖੇਤਰ ਹੁੰਦੇ ਹਨ। ਬਾਕੀ ਇੱਕ[6] ਕਾਰਜ ਵਿੱਚ, ਯੂ ਐਲ ਬੀਜ਼ ਸਿਰਫ ਲਾਗੂ ਕਰਨ ਵਾਲੀਆਂ ਏਜੰਸੀਆਂ ਸਨ।

3.3 ਵਿੱਤੀ ਪ੍ਰਬੰਧਨ

3.3.1 ਸ਼ਹਿਰੀ ਸਥਾਨਕ ਸੰਸਥਾਵਾਂ ਦੇ ਰੈਵੀਨਿਊ ਦੇ ਸ੍ਰੋਤ

ਵਿਕਾਸ ਕਾਰਜਾਂ ਨੂੰ ਲਾਗੂ ਕਰਨ ਲਈ, ਯੂ ਐਲ ਬੀਜ਼ ਮੁੱਖ ਤੌਰ ਤੇ ਭਾਰਤ ਸਰਕਾਰ ਅਤੇ ਰਾਜ ਸਰਕਾਰ ਤੋਂ ਗ੍ਰਾਂਟਾਂ ਦੇ ਰੂਪ ਵਿੱਚ ਫੰਡ ਪ੍ਰਾਪਤ ਕਰਦੇ ਹਨ। ਭਾਰਤ ਸਰਕਾਰ ਦੀਆਂ ਗ੍ਰਾਂਟਾਂ ਵਿੱਚ

---

4 **ਪੂਰਾ ਅਧਿਕਾਰੀ ਖੇਤਰ (7)** – (i) ਦਫਨਾਉਣ ਅਤੇ ਕਬਰਸਤਾਨ; ਸਸਕਾਰ, ਸ਼ਮਸ਼ਾਨਘਾਟ; (ii) ਅੱਗ ਬਝਾਊ; (iii) ਜ਼ਮੀਨ ਦੀ ਵਰਤੋਂ ਅਤੇ ਇਮਾਰਤਾਂ ਦੀ ਉਸਾਰੀ ਦਾ ਨਿਯਮ; (iv) ਸ਼ਹਿਰੀ ਸੁਵਿਧਾਵਾਂ ਅਤੇ ਸਹੂਲਤਾਂ ਜਿਵੇਂ ਕਿ ਪਾਰਕਾਂ, ਬਾਗਾਂ, ਖੇਡ ਦੇ ਮੈਦਾਨਾਂ ਦੀ ਵਿਵਸਥਾ; (v) ਜਨਮ ਅਤੇ ਮੌਤ ਰਜਿਸਟ੍ਰੇਸ਼ਨ ਸਮੇਤ ਮਹੱਤਵਪੂਰਨ ਅੰਕੜੇ; (vi) ਸਟਰੀਟ ਲਾਈਟਾਂ, ਪਾਰਕਿੰਗ ਲਾਟਜ਼, ਬੱਸ ਅੱਡਿਆਂ ਅਤੇ ਜਨਤਕ ਸਹੂਲਤਾਂ ਸਮੇਤ ਜਨਤਕ ਸੁਵਿਧਾਵਾਂ; ਅਤੇ (vii) ਸੜਕਾਂ ਅਤੇ ਪੁਲ।

5 **ਓਵਰਲੈਪਿੰਗ ਅਧਿਕਾਰ ਖੇਤਰ (10)** – (i) ਪਸ਼ੂ ਛੱਪੜ, ਜਾਨਵਰਾਂ ਪ੍ਰਤੀ ਬੇਰਹਿਮੀ ਦੀ ਰੋਕਥਾਮ; (ii) ਬੁੱਚੜਖਾਨਿਆਂ ਅਤੇ ਚਮੜੇ ਦੀਆਂ ਫੈਕਟਰੀਆਂ ਦਾ ਰੈਗੂਲੇਸ਼ਨ; (iii) ਟਾਊਨ ਪਲਾਨਿੰਗ ਸਮੇਤ ਸ਼ਹਿਰੀ ਯੋਜਨਾਬੰਦੀ; (iv) ਝੁੱਗੀ-ਝੌਂਪੜੀ ਵਿੱਚ ਸੁਧਾਰ ਅਤੇ ਅਪਗ੍ਰੇਡਸ਼ਨ (v) ਸ਼ਹਿਰੀ ਗਰੀਬੀ ਹਟਾਉਣਾ; (vi) ਅਪਾਹਜ ਅਤੇ ਮਾਨਸਿਕ ਤੌਰ ਤੇ ਕਮਜ਼ੋਰ ਲੋਕਾਂ ਸਮੇਤ ਸਮਾਜ ਦੇ ਕਮਜ਼ੋਰ ਵਰਗਾਂ ਦੇ ਹਿੱਤਾਂ ਦੀ ਰੱਖਿਆ ਕਰਨਾ, (vii) ਘਰੇਲੂ, ਉਦਯੋਗਿਕ ਅਤੇ ਵਪਾਰਕ ਉਦੇਸ਼ਾਂ ਲਈ ਜਲ ਸਪਲਾਈ; (viii) ਜਨਤਕ ਸਿਹਤ, ਸਵੱਛਤਾ ਸੰਭਾਲ ਅਤੇ ਠੋਸ ਰਹਿੰਦ-ਖੂੰਹਦ ਪ੍ਰਬੰਧਨ; (ix) ਸ਼ਹਿਰੀ ਜੰਗਲਾਤ, ਵਾਤਾਵਰਣ ਦੀ ਸੁਰੱਖਿਆ ਅਤੇ ਵਾਤਾਵਰਣ ਦੇ ਪਹਿਲੂਆਂ ਨੂੰ ਉਤਸ਼ਾਹਿਤ ਕਰਨਾ; ਅਤੇ (x) ਸਭਿਆਚਾਰਕ, ਵਿਦਿਅਕ ਅਤੇ ਸੁਹਜਾਤਮਕ ਪਹਿਲੂਆਂ ਨੂੰ ਉਤਸ਼ਾਹਿਤ ਕਰਨਾ।

6 **ਸਕੀਮਾਂ ਨੂੰ ਲਾਗੂ ਕਰਨ ਲਈ ਭੂਮਿਕਾ ਨਿਭਾਉਂਦਾ ਹੈ** – (i) ਆਰਥਿਕ ਅਤੇ ਸਮਾਜਿਕ ਵਿਕਾਸ ਲਈ ਯੋਜਨਾਬੰਦੀ।

ਕੇਂਦਰੀ ਵਿੱਤ ਕਮਿਸ਼ਨ (ਸੀ ਐਫ ਸੀ) ਦੀਆਂ ਸਿਫਾਰਸ਼ਾਂ ਅਧੀਨ ਦਿੱਤੀਆਂ ਗਈਆਂ ਗ੍ਰਾਂਟਾਂ ਅਤੇ ਸਕੀਮਾਂ ਨੂੰ ਲਾਗੂ ਕਰਨ ਲਈ ਗ੍ਰਾਂਟਾਂ ਸ਼ਾਮਲ ਹਨ। ਰਾਜ ਸਰਕਾਰ ਦੀਆਂ ਗ੍ਰਾਟਾਂ ਰਾਜ ਵਿੱਤ ਕਮਿਸ਼ਨ (ਐਸ ਐਫ ਸੀ) ਦੀ ਸਿਫਾਰਸ਼ ਤੇ ਕੁੱਲ ਕਰ ਰੈਵੀਨਿਊ ਦੀ ਨਿਰੋਲ ਆਮਦਨ ਅਤੇ ਰਾਜ ਪ੍ਰਾਯੋਜਿਤ ਸਕੀਮਾਂ ਨੂੰ ਲਾਗੂ ਕਰਨ ਲਈ ਗ੍ਰਾਂਟਾਂ ਦੀ ਵੰਡ ਰਾਹੀਂ ਪ੍ਰਾਪਤ ਕੀਤੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ, ਯੂ ਐਲ ਬੀਜ਼ ਦੁਆਰਾ ਕਰ, ਕਿਰਾਏ, ਫੀਸਾਂ, ਲਾਇਸੰਸ ਆਦਿ ਜਾਰੀ ਕਰਨ ਦੇ ਰੂਪ ਵਿੱਚ ਵੀ ਰੈਵੀਨਿਊ ਇਕੱਠਾ ਕੀਤਾ ਜਾਂਦਾ ਹੈ। ਜਦੋਂਕਿ ਕੇਂਦਰ ਅਤੇ ਰਾਜ ਸਰਕਾਰਾਂ ਦੁਆਰਾ ਕ੍ਰਮਵਾਰ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕੇਂਦਰੀ ਅਤੇ ਰਾਜ ਪ੍ਰਾਯੋਜਿਤ ਸਕੀਮਾਂ ਨੂੰ ਲਾਗੂ ਕਰਨ ਲਈ ਯੂ ਐਲ ਬੀਜ਼ ਦੁਆਰਾ ਕੇਂਦਰੀ ਅਤੇ ਰਾਜ ਗ੍ਰਾਂਟਾਂ ਦੀ ਵਰਤੋਂ ਕੀਤੀ ਜਾਂਦੀ ਹੈ, ਯੂ ਐਲ ਬੀਜ਼ ਦੀਆਂ ਆਪਣੀਆਂ ਪ੍ਰਾਪਤੀਆਂ ਦੀ ਵਰਤੋਂ ਪ੍ਰਸ਼ਾਸ਼ਨਿਕ ਖਰਚਿਆਂ ਅਤੇ ਯੂ ਐਲ ਬੀਜ਼ ਦੁਆਰਾ ਤਿਆਰ ਕੀਤੀਆਂ ਸਕੀਮਾਂ/ਕਾਰਜਾਂ ਨੂੰ ਲਾਗੂ ਕਰਨ ਲਈ ਕੀਤੀ ਜਾਂਦੀ ਹੈ।

ਮੁੱਖ ਕੇਂਦਰੀ ਅਤੇ ਰਾਜ ਪ੍ਰਾਯੋਜਿਤ ਸਕੀਮਾਂ ਅਧੀਨ ਫੰਡ ਵਹਾਅ ਪ੍ਰਬੰਧ ਅਤੇ ਪ੍ਰਾਪਤੀਆਂ ਅਤੇ ਖਰਚੇ ਕ੍ਰਮਵਾਰ **ਸਾਰਣੀ** 3.3 ਅਤੇ **ਸਾਰਣੀ** 3.4 ਵਿੱਚ ਦਿੱਤੇ ਗਏ ਹਨ।

ਸਾਰਣੀ 3.3: **ਕੇਂਦਰੀ ਪ੍ਰਾਯੋਜਿਤ ਸਕੀਮਾਂ ਅਤੇ ਰਾਜ ਪ੍ਰਾਯੋਜਿਤ ਸਕੀਮਾਂ ਵਿੱਚ ਫੰਡ ਵਹਾਅ ਪ੍ਰਬੰਧ**

ਲੜੀ ਨੰ.	ਸਕੀਮ	ਫੰਡ ਵਹਾਅ ਪ੍ਰਬੰਧ
ਕੇਂਦਰੀ ਪ੍ਰਾਯੋਜਿਤ ਸਕੀਮਾਂ		
1	ਸਵਰਨ ਜੈਯੰਤੀ ਸ਼ਹਿਰੀ ਰੁਜ਼ਗਾਰ ਯੋਜਨਾ	ਇਸ ਸਕੀਮ ਅਧੀਨ ਫੰਡ ਕੇਂਦਰ ਅਤੇ ਰਾਜ ਦਰਮਿਆਨ 75:25 ਦੇ ਅਨੁਪਾਤ ਵਿੱਚ ਸਾਂਝੇ ਕੀਤੇ ਜਾਂਦੇ ਹਨ। ਕੇਂਦਰੀ ਹਿੱਸਾ ਨੋਡਲ ਏਜੰਸੀ ਨੂੰ ਡਿਮਾਂਡ ਡਰਾਫਟ ਦੇ ਰੂਪ ਵਿੱਚ ਜਾਰੀ ਕੀਤਾ ਜਾਂਦਾ ਹੈ ਅਤੇ ਰਾਜ ਦਾ ਹਿੱਸਾ ਰਾਜ ਦੇ ਬਜਟ ਰਾਹੀਂ ਵੰਡਿਆ ਜਾਂਦਾ ਹੈ।
2	ਜਵਾਹਰ ਲਾਲ ਨਹਿਰੂ ਰਾਸ਼ਟਰੀ ਸ਼ਹਿਰੀ ਨਵੀਨੀਕਰਣ ਮਿਸ਼ਨ (ਸ਼ਹਿਰੀ ਬੁਨਿਆਦੀ ਢਾਂਚਾ ਅਤੇ ਸ਼ਾਸ਼ਨ)	ਇਹ ਸਕੀਮ ਦਸੰਬਰ 2005 ਵਿੱਚ ਜੇ ਐਨ ਐਨ ਯੂ ਆਰ ਐਮ ਦੇ ਉਪ ਮਿਸ਼ਨ ਵਜੋਂ ਸ਼ੁਰੂ ਕੀਤੀ ਗਈ ਸੀ। ਇਸ ਸਕੀਮ ਅਧੀਨ ਫੰਡ ਕੇਂਦਰ, ਰਾਜ ਅਤੇ ਯੂ ਐਲ ਬੀਜ਼ ਏਜੰਸੀਆਂ ਵਿਚਕਾਰ ਕ੍ਰਮਵਾਰ 80:10:10 ਦੇ ਅਨੁਪਾਤ ਵਿੱਚ ਸਾਂਝੇ ਕੀਤੇ ਜਾਂਦੇ ਹਨ। ਯੂ ਐਲ ਬੀਜ਼ ਆਪਣੇ ਸ੍ਰੋਤਾਂ ਜਾਂ ਵਿੱਤੀ ਸੰਸਥਾਵਾਂ ਤੋਂ ਆਪਣਾ ਯੋਗਦਾਨ ਇਕੱਠਾ ਕਰਦੇ ਹਨ।
3	ਪ੍ਰਧਾਨ ਮੰਤਰੀ ਆਵਾਸ ਯੋਜਨਾ (ਸ਼ਹਿਰੀ)-ਸਾਰਿਆਂ ਲਈ ਮਕਾਨ	ਇਹ ਸਕੀਮ ਮਕਾਨ ਉਸਾਰੀ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰਾਲੇ ਦੁਆਰਾ 25 ਜੂਨ 2015 ਨੂੰ ਸ਼ੁਰੂ ਕੀਤੀ ਗਈ ਸੀ। ਇਸ ਸਕੀਮ ਅਧੀਨ ਫੰਡ ਕੇਂਦਰ ਅਤੇ ਰਾਜ ਸਰਕਾਰ ਦਰਮਿਆਨ 75:25 (ਸਮਰੱਥਾ ਨਿਰਮਾਣ ਅਤੇ ਸਿਖਲਾਈ) ਦੇ ਅਨੁਪਾਤ ਵਿੱਚ ਸਾਂਝੇ ਕੀਤੇ ਜਾਂਦੇ ਹਨ।
4	ਸ਼ਹਿਰੀ ਕਸਬਿਆ ਦੇ ਨਵੀਨੀਕਰਣ ਲਈ ਅਟੱਲ ਮਿਸ਼ਨ (ਏ ਐਮ ਆਰ ਯੂ ਟੀ)	ਇਹ ਸਕੀਮ ਜੂਨ 2015 ਵਿੱਚ ਸ਼ੁਰੂ ਕੀਤੀ ਗਈ ਸੀ। ਇਸ ਸਕੀਮ ਅਧੀਨ ਫੰਡ ਕੇਂਦਰ ਅਤੇ ਰਾਜ ਦਰਮਿਆਨ 50:50 ਦੇ ਅਨੁਪਾਤ ਵਿੱਚ ਵੰਡੇ ਜਾਂਦੇ ਹਨ ਜਿੱਥੇ ਆਬਾਦੀ ਇੱਕ ਲੱਖ ਤੋਂ ਘੱਟ ਹੈ, 33:67 ਦੇ ਅਨਪੁਾਤ ਵਿੱਚ ਜਿੱਥੇ ਆਬਾਦੀ ਇੱਕ ਤੋਂ ਦਸ ਲੱਖ ਦੇ ਵਿਚਕਾਰ ਹੈ ਅਤੇ 25:75 ਦੇ ਅਨੁਪਾਤ ਵਿੱਚ ਜਿੱਥੇ ਆਬਾਦੀ 10 ਲੱਖ ਤੋਂ ਵੱਧ ਹੈ।

ਲੜੀ ਨੰ.	ਸਕੀਮ	ਫੰਡ ਵਹਾਅ ਪ੍ਰਬੰਧ
ਕੇਂਦਰੀ ਪ੍ਰਾਯੋਜਿਤ ਸਕੀਮਾਂ		
5	ਸਮਾਰਟ ਸਿਟੀ ਮਿਸ਼ਨ (ਐਸ ਸੀ ਐਮ)	ਇਹ ਸਕੀਮ ਜੂਨ 2015 ਵਿੱਚ ਸ਼ੁਰੂ ਕੀਤੀ ਗਈ ਸੀ। ਇਸ ਸਕੀਮ ਅਧੀਨ ਸਾਂਝੇ ਕੀਤੇ ਭਾਰਤ ਸਰਕਾਰ ਅਤੇ ਰਾਜ ਸਰਕਾਰ ਦੁਆਰਾ 50:50 ਦੇ ਅਨੁਪਾਤ ਵਿੱਚ ਸਾਂਝੇ ਕੀਤੇ ਜਾਂਦੇ ਹਨ
6	ਸਵੱਛ ਭਾਰਤ ਮਿਸ਼ਨ (ਸ਼ਹਿਰੀ) (ਐਸ ਬੀ ਐਮ-ਯੂ)	ਇਹ ਸਕੀਮ 2 ਅਕਤੂਬਰ 2014 ਨੂੰ ਸ਼ੁਰੂ ਕੀਤੀ ਗਈ ਸੀ। ਇਸ ਸਕੀਮ ਅਧੀਨ ਫੰਡ ਭਾਰਤ ਸਰਕਾਰ ਅਤੇ ਰਾਜ ਸਰਕਾਰ ਦਰਮਿਆਨ 60:40 ਦੇ ਅਨੁਪਾਤ ਵਿੱਚ ਸਾਂਝੇ ਕੀਤੇ ਜਾਂਦੇ ਹਨ।
7	ਅੱਗ ਬਝਾਊ ਅਤੇ ਐਮਰਜੈਂਸੀ ਸੇਵਾਵਾਂ ਨੂੰ ਮਜ਼ਬੂਤ ਕਰਨਾ	ਇਹ ਸਕੀਮ ਨਵੰਬਰ 2009 ਵਿੱਚ ਸ਼ੁਰੂ ਕੀਤੀ ਗਈ ਸੀ।
ਰਾਜ ਪ੍ਰਾਯੋਜਿਤ ਸਕੀਮਾਂ		
1	ਨਗਰਪਾਲਿਕਾ ਵਿਕਾਸ ਫੰਡ ਸਕੀਮ	ਇਸ ਸਕੀਮ ਅਧੀਨ ਫੰਡ ਆਮ ਤੌਰ ਤੇ ਰਾਜ ਸਰਕਾਰ ਦੁਆਰਾ ਮੁਹੱਈਆ ਕੀਤੇ ਜਾਂਦੇ ਹਨ।

ਸ੍ਰੋਤ: ਵਿਭਾਗੀ ਜਾਣਕਾਰੀ

ਸਾਰਣੀ 3.4 : 2019-22 ਦੌਰਾਨ ਕੇਂਦਰੀ ਪ੍ਰਾਯੋਜਿਤ ਸਕੀਮਾਂ ਅਤੇ ਮੁੱਖ ਰਾਜ ਪ੍ਰਾਯੋਜਿਤ ਸਕੀਮਾਂ ਅਧੀਨ ਪ੍ਰਾਪਤੀਆਂ ਅਤੇ ਖਰਚੇ ਦੇ ਵੇਰਵੇ

(₹ ਕਰੋੜ ਵਿੱਚ)

ਸਕੀਮਾਂ	2019-20		2020-21		2021-22	
	ਪ੍ਰਾਪਤੀ	ਖਰਚਾ	ਪ੍ਰਾਪਤੀ	ਖਰਚਾ	ਪ੍ਰਾਪਤੀ	ਖਰਚਾ
ਕੇਂਦਰੀ ਪ੍ਰਾਯੋਜਿਤ ਸਕੀਮਾਂ						
ਸਵਰਨ ਜੈਯੰਤੀ ਸ਼ਹਿਰੀ ਰੁਜ਼ਗਾਰ ਯੋਜਨਾ	6.74	6.74	15.24	15.24	43.98	43.98
ਸ਼ਹਿਰੀ ਬੁਨਿਆਦੀ ਢਾਂਚਾ ਅਤੇ ਸ਼ਾਸ਼ਨ (ਯੂ ਆਈ ਜੀ)	25.00	25.00	48.69	48.69	00.00	00.00
ਪ੍ਰਧਾਨ ਮੰਤਰੀ ਆਵਾਸ ਯੋਜਨਾ-ਸ਼ਹਿਰੀ (ਪੀ ਐਮ ਏ ਵਾਈ)	30.66	30.66	180.30	180.30	17.40	17.40
ਨਵੀਨੀਕਰਣ ਅਤੇ ਸ਼ਹਿਰੀ ਤਬਦੀਲੀ ਲਈ ਅਟੱਲ ਮਿਸ਼ਨ (ਏ ਐਮ ਆਰ ਯੂ ਟੀ)	98.47	98.47	470.91	470.91	824.99	824.99
ਸਮਾਰਟ ਸਿਟੀ ਮਿਸ਼ਨ	104.00	104.00	410.55	410.55	758.67	758.67
ਸਵੱਛ ਭਾਰਤ ਮਿਸ਼ਨ	68.58	68.58	133.61	133.61	16.81	16.81
ਅੱਗ ਬਝਾਊ ਅਤੇ ਐਮਰਜੈਂਸੀ ਸੇਵਾਵਾਂ ਨੂੰ ਮਜ਼ਬੂਤ ਕਰਨਾ	0.00	0.00	2.65	2.65	15.97	15.97
ਜੋੜ	**333.45**	**333.45**	**1261.95**	**1261.95**	**1677.82**	**1677.82**
ਰਾਜ ਪ੍ਰਾਯੋਜਿਤ ਸਕੀਮਾਂ						
ਨਗਰ ਵਿਕਾਸ ਫੰਡ ਸਕੀਮ	21.14	21.14	228.65	228.65	291.71	291.71

ਸ੍ਰੋਤ: ਵਿਭਾਗੀ ਡਾਟਾ

3.3.2 ਸ੍ਰੋਤਾਂ ਦੀ ਵਰਤੋਂ: ਰੁਝਾਨ ਅਤੇ ਰਚਨਾ

ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ, 1976 ਦੀ ਧਾਰਾ 90 ਵਿੱਚ ਨਿਗਮ ਦੁਆਰਾ ਲਗਾਏ ਜਾਣ ਵਾਲੇ ਵੱਖ-ਵੱਖ ਕਰਾਂ ਦੀ ਵਿਵਸਥਾ ਹੈ ਅਤੇ ਐਕਟ ਦੀ ਧਾਰਾ 76 ਵਿੱਚ ਇੱਕ ਨਿਗਮ ਫੰਡ ਦੇ ਗਠਨ ਦੀ ਵਿਵਸਥਾ ਕਰਦੀ ਹੈ ਜਿਸ ਵਿੱਚ ਉਪ-ਧਾਰਾ 76 (ਏ) ਤੋਂ (ਐਚ) ਅਧੀਨ ਦਰਸਾਏ ਗਏ ਸ੍ਰੋਤ ਤੋਂ ਇਲਾਵਾ ਕਿਸੇ ਹੋਰ ਸ੍ਰੋਤ ਤੇ ਨਿਗਮ ਦੁਆਰਾ ਜਾਂ ਉਸ ਦੀ ਤਰਫੋਂ ਪ੍ਰਾਪਤ ਕੀਤਾ ਗਿਆ ਸਾਰਾ ਪੈਸਾ ਜਮ੍ਹਾਂ ਕੀਤਾ ਜਾਵੇਗਾ। ਇਸੇ ਤਰ੍ਹਾਂ, ਪੰਜਾਬ ਮਿਉਂਸਪਲ ਐਕਟ, 1911 ਦੀ ਧਾਰਾ 61 ਵਿੱਚ ਨਗਰਪਾਲਿਕਾ ਦੇ ਸਮੁੱਚੇ ਜਾਂ ਕਿਸੇ ਵੀ ਹਿੱਸੇ ਵਿੱਚ ਕਿਸੇ ਕਮੇਟੀ ਦੁਆਰਾ ਲਗਾਏ ਜਾਣ ਵਾਲੇ ਕਰਾਂ ਦੀ ਵਿਵਸਥਾ ਕਰਦਾ ਹੈ ਅਤੇ ਧਾਰਾ 51 ਵਿੱਚ ਇੱਕ ਨਗਰਪਾਲਿਕਾ ਫੰਡ ਦੇ ਗਠਨ ਦੀ ਵਿਵਸਥਾ ਕਰਦਾ ਹੈ ਜਿਸ ਵਿੱਚ ਕਮੇਟੀ ਦੁਆਰਾ ਜਾਂ ਉਸ ਵੱਲੋਂ ਪ੍ਰਾਪਤ ਕੀਤੀਆਂ ਸਾਰੀਆਂ ਰਾਸ਼ੀਆਂ ਦੇ ਸਬੰਧ ਵਿੱਚ ਕ੍ਰੈਡਿਟ ਰੱਖਿਆ ਜਾਵੇਗਾ।

2019-22 ਦੇ ਸਮੇ ਲਈ ਵੱਖ-ਵੱਖ ਮੱਦਾਂ ਅਧੀਨ ਯੂ ਐਲ ਬੀਜ਼ ਦੀਆਂ ਪ੍ਰਾਪਤੀਆਂ ਅਤੇ ਖਰਚੇ ਦਾ ਵੇਰਵਾ **ਸਾਰਣੀ 3.5** ਵਿੱਚ ਦਿੱਤਾ ਗਿਆ ਹੈ।

ਸਾਰਣੀ 3.5 : 2019-22 ਦੌਰਾਨ ਯੂ ਐਲ ਬੀਜ਼ ਦੀਆਂ ਪ੍ਰਾਪਤੀਆਂ ਅਤੇ ਖਰਚੇ ਦਾ ਵੇਰਵਾ

(₹ ਕਰੋੜ ਵਿੱਚ)

ਵੇਰਵੇ	2019-20		2020-21		2021-22	
	ਪ੍ਰਾਪਤੀ	ਖਰਚਾ	ਪ੍ਰਾਪਤੀ	ਖਰਚਾ	ਪ੍ਰਾਪਤੀ	ਖਰਚਾ
ਆਪਣੀਆਂ ਪ੍ਰਾਪਤੀਆਂ						
ਆਪਣਾ ਕਰ	1905.10	2692.05	2370.18	2898.39	2492.28	3335.58
ਗੈਰ-ਕਰ	649.50		656.78		855.14	
ਪੂੰਜੀਗਤ ਪ੍ਰਾਪਤੀਆਂ (ਸੰਪਤੀ ਦੀ ਵਿਕਰੀ ਆਦਿ)	28.29		13.61		41.85	
ਜੋੜ	**2582.89**	**2692.05**	**3040.57**	**2898.39**	**3389.27**	**3335.58**
ਐਸ ਐਫ ਸੀ ਟਰਾਂਸਫਰਾਂ (ਰਾਜ ਵਿੱਤ ਕਮਿਸ਼ਨ)	0.00	0.00	0.00	0.00	0.00	0.00
ਰਾਜ ਸਰਕਾਰ ਤੋਂ ਗ੍ਰਾਟਾਂ	21.14	21.14	285.53	285.53	347.92	347.92
ਕੇਂਦਰ ਸਰਕਾਰ ਦੀਆਂ ਸਕੀਮਾਂ ਤੋਂ ਗ੍ਰਾਟਾਂ	333.45	333.45	1261.95	1261.95	1677.82	1677.82
ਸੀ ਐਫ ਸੀ ਟਰਾਂਸਫਰਾਂ (ਕੇਂਦਰੀ ਵਿੱਤ ਕਮਿਸ਼ਨ)	859.46	859.46	923.42	923.42	337.79	337.79
ਹੋਰ ਸ੍ਰੋਤ (ਪੀ ਆਈ ਡੀ ਬੀ, ਪੀ ਐਮ ਆਈ ਡੀ ਸੀ, ਪੁੱਡਾ, ਆਦਿ)	1.35	1.35	0.00	0.00	12.39	12.39
ਕੁੱਲ ਜੋੜ	**3798.23**	**3907.45**	**5511.47**	**5369.39**	**5765.19**	**5711.50**

ਸ੍ਰੋਤ: ਵਿਭਾਗੀ ਡਾਟਾ

ਸਾਰਣੀ 3.5 ਦਰਸਾਉਂਦੀ ਹੈ ਕਿ 2019-22 ਦੇ ਸਮੇਂ ਦੌਰਾਨ 'ਐਸ ਐਫ ਸੀ ਟਰਾਸਫਰਾਂ' ਮੱਦ ਅਧੀਨ ਕੋਈ ਪ੍ਰਾਪਤੀ ਨਹੀਂ ਸੀ। ਇਸ ਤੋਂ ਇਲਾਵਾ, ਸਾਲ 2020-21 ਦੌਰਾਨ ਹੋਰ ਸ੍ਰੋਤਾਂ ਤੋਂ ਕੋਈ ਪ੍ਰਾਪਤੀ ਨਹੀਂ ਮਿਲੀ। ਸਾਲ 2019-21 ਦੌਰਾਨ 'ਐਸ ਐਫ ਸੀ ਟਰਾਂਸਫਰਾਂ' ਅਤੇ 2020-21

ਦੌਰਾਨ 'ਹੋਰ ਸ੍ਰੋਤਾਂ' ਅਧੀਨ ਫੰਡ ਪ੍ਰਾਪਤ ਨਾ ਹੋਣ ਦੇ ਕਾਰਣਾਂ ਦੀ ਉਡੀਕ ਕੀਤੀ ਜਾ ਰਹੀ ਸੀ (ਦਸੰਬਰ 2023)।

3.3.3 ਸ਼ਹਿਰੀ ਸਥਾਨਕ ਸੰਸਥਾਵਾਂ ਦਾ ਖਰਚਾ

ਯੂ ਐਲ ਬੀਜ਼ ਦੇ ਖਰਚਿਆਂ ਨੂੰ ਪੰਜ ਮੁੱਖ ਸ਼੍ਰੇਣੀਆਂ/ਮੱਦਾਂ ਜਿਵੇਂ ਕਿ ਤਨਖਾਹਾਂ ਅਤੇ ਉਜ਼ਰਤਾਂ; ਕੰਟੀਜੈਂਸੀਜ਼; ਪੂੰਜੀਗਤ ਖਰਚਾ; ਸੰਚਾਲਨ ਅਤੇ ਰੱਖ-ਰਖਾਅ (ਓ ਐਂਡ ਐਮ), ਕਰਜ਼ੇ ਅਤੇ ਵਿਆਜ ਦੀ ਮੁੜ-ਅਦਾਇਗੀ ਵਿੱਚ ਵੰਡਿਆ ਜਾ ਸਕਦਾ ਹੈ। ਸਾਲ 2019-20 ਤੋਂ 2021-22 ਦੇ ਸਮੇਂ ਲਈ ਰਾਜ ਵਿੱਚ ਯੂ ਐਲ ਬੀਜ਼ ਦੁਆਰਾ ਆਪਣੀ ਪ੍ਰਾਪਤੀ ਵਿੱਚੋਂ ਕੀਤੇ ਗਏ ਖਰਚੇ ਦਾ ਵੇਰਵਾ **ਸਾਰਣੀ 3.6** ਵਿੱਚ ਦਿੱਤਾ ਗਿਆ ਹੈ।

ਸਾਰਣੀ 3.6: ਯੂ ਐਲ ਬੀਜ਼ ਦੇ ਖਰਚਿਆਂ ਦਾ ਰੁਝਾਨ

(₹ ਕਰੋੜ ਵਿੱਚ)

ਲੜੀ ਨੰ.	ਮੱਦ	2019-20	2020-21	2021-22	ਜੋੜ	ਕੁੱਲ ਖਰਚੇ ਦੀ ਪ੍ਰਤੀਸ਼ਤਤਾ
1	ਤਨਖਾਹਾਂ ਅਤੇ ਉਜਰਤਾਂ	1638.52	1600.02	1731.11	4969.55	55.68
2	ਕੰਟੀਜੈਂਸੀਜ਼	118.43	117.14	139.42	374.99	4.20
3	ਪੂੰਜੀਗਤ ਖਰਚਾ	352.79	568.61	833.32	1754.72	19.66
4	ਓ ਐਂਡ ਐਮ	536.85	581.98	604.99	1723.82	19.31
5	ਕਰਜ਼ੇ ਅਤੇ ਵਿਆਜ਼ ਦੀ ਮੁੜ ਅਦਾਇਗੀ	45.46	30.64	26.74	102.84	1.15
ਜੋੜ		**2692.05**	**2898.39**	**3335.58**	**8926.02**	

ਸ੍ਰੋਤ: ਵਿਭਾਗੀ ਡਾਟਾ

ਸਾਰਣੀ 3.6 ਦਰਸਾਉਂਦੀ ਹੈ ਕਿ ਸਾਲ 2019-22 ਦੌਰਾਨ ਤਨਖਾਹ ਅਤੇ ਉਜਰਤਾਂ ਤੇ ਕੀਤਾ ਗਿਆ ਕੁੱਲ ਖਰਚੇ, ਕੁੱਲ ਖਰਚੇ ਦਾ 55.68 *ਪ੍ਰਤੀਸ਼ਤ* ਸੀ ਜੋ ਕਿ ਡਾਇਰੈਕਟੋਰੇਟ ਸਥਾਨਕ ਸਰਕਾਰਾਂ ਵਿਭਾਗ, ਪੰਜਾਬ ਵੱਲੋਂ ਸਾਲ 2019-20, 2020-21 ਅਤੇ 2021-22, ਲਈ 07.03.2019, 19.12.2019 ਅਤੇ 12.01.2021 ਨੂੰ ਜਾਰੀ ਹਦਾਇਤਾਂ ਦੀ ਉਲੰਘਣਾ ਸੀ। ਜਿਸ ਵਿੱਚ ਬਜਟ ਅਨੁਮਾਨ ਤਿਆਰ ਕਰਨ ਬਾਰੇ ਕਿਹਾ ਗਿਆ ਸੀ ਕਿ ਤਨਖਾਹ ਅਤੇ ਉਜ਼ਰਤਾਂ ਤੇ ਰਾਜ ਦਾ ਖਰਚਾ ਸਾਲ ਦੇ ਕੁੱਲ ਖਰਚੇ ਦੇ 35 *ਪ੍ਰਤੀਸ਼ਤ* ਤੋਂ ਵੱਧ ਨਹੀਂ ਹੋਣਾ ਚਾਹੀਦਾ।

3.3.4 ਸ਼ਹਿਰੀ ਸਥਾਨਕ ਸੰਸਥਾਂਵਾਂ ਨੂੰ ਕੇਂਦਰੀ ਵਿੱਤ ਕਮਿਸ਼ਨ ਦੀਆ ਗ੍ਰਾਂਟਾਂ-ਚੌਦ੍ਹਵਾਂ ਵਿੱਤ ਕਮਿਸ਼ਨ

ਚੌਦ੍ਹਵੇਂ ਵਿੱਤ ਕਮਿਸ਼ਨ ਨੇ ਸਥਾਨਕ ਸੰਸਥਾਵਾਂ ਨੂੰ 80:20 ਦੇ ਅਨੁਪਾਤ ਵਿੱਚ ਦੋ ਹਿੱਸਿਆਂ (i) ਬੁਨਿਆਦੀ ਗ੍ਰਾਂਟ ਅਤੇ (ii) ਕਾਰਗੁਜ਼ਾਰੀ ਗ੍ਰਾਂਟ ਵਿੱਚ, ਗ੍ਰਾਂਟ ਦੇਣ ਦੀ ਸਿਫਾਰਸ਼ ਕੀਤੀ ਸੀ।

ਬੁਨਿਆਦੀ ਗ੍ਰਾਂਟ ਦਾ ਉਦੇਸ਼ ਨਗਰ ਪਾਲਿਕਾਵਾਂ ਨੂੰ ਉਨ੍ਹਾਂ ਦੇ ਸਬੰਧਤ ਕਾਨੂੰਨਾਂ ਅਧੀਨ ਬੁਨਿਆਦੀ ਕਾਰਜਾਂ ਨੂੰ ਪੂਰਾ ਕਰਨ ਲਈ ਸਹਾਇਤਾਂ ਪ੍ਰਦਾਨ ਕਰਨਾ ਹੈ। ਪ੍ਰਦਾਨ ਕੀਤੀ ਗਈ ਗ੍ਰਾਟ ਦੀ ਵਰਤੋਂ ਪਾਣੀ ਦੀ ਸਪਲਾਈ, ਸੈਨੀਟੇਸ਼ਨ ਸਮੇਤ ਸੈਪਟਿਕ ਪ੍ਰਬੰਧਨ, ਸੀਵਰੇਜ ਅਤੇ ਠੋਸ ਰਹਿੰਦ-ਖੂੰਹਦ ਪ੍ਰਬੰਧਨ, ਸਟੱਰਮ ਵਾਟਰ ਡਰੇਨੇਜ, ਕਮਿਊਨਿਟੀ ਸੰਪਤੀਆਂ ਦੀ ਸਾਂਭ ਸੰਭਾਲ, ਸੜਕਾਂ, ਫੁੱਟਪਾਥ

ਅਤੇ ਸਟਰੀਟ ਲਾਈਟਿੰਗ, ਅਤੇ ਦਫਨਾਉਣ ਅਤੇ ਸ਼ਮਸ਼ਾਨਘਾਟਾਂ ਸਮੇਤ ਬੁਨਿਆਦੀ ਨਾਗਰਿਕ ਸੇਵਾਵਾਂ ਦੀ ਸਥਿਤੀ ਵਿੱਚ ਸੁਧਾਰ ਕਰਨ ਲਈ ਵਰਤਿਆ ਜਾਣਾ ਹੈ।

ਕਾਰਗੁਜ਼ਾਰੀ ਗ੍ਰਾਂਟ ਨੂੰ ਭਰੋਸੇਯੋਗ ਲੇਖਾ ਪ੍ਰੀਖਿਆ ਕੀਤੇ ਲੇਖਿਆ ਅਤੇ ਪ੍ਰਾਪਤੀਆਂ ਦੇ ਡਾਟੇ ਅਤੇ ਆਪਣੇ ਰੈਵੀਨਿਊ ਵਿੱਚ ਸੁਧਾਰ ਨੂੰ ਯਕੀਨੀ ਬਣਾਉਣ ਦੇ ਉਦੇਸ਼ ਦੀ ਪੂਰਤੀ ਲਈ ਤਿਆਰ ਕੀਤਾ ਗਿਆ ਹੈ। ਇਹ ਡਾਟੇ ਦੇ ਸੰਗ੍ਰਹਿ ਲਈ ਜ਼ਮੀਨੀ ਪੱਧਰ ਤੇ ਕਾਰਵਾਈ ਸ਼ੁਰੂ ਕਰਨ ਦੇ ਯੋਗ ਬਣਾਏਗਾ ਤਾਂ ਜੋ ਸਾਰੇ ਹਿੱਸੇਦਾਰਾਂ ਨੂੰ ਫੈਸਲੇ ਲੈਣ ਲਈ ਭਰੋਸੇਯੋਗ ਜਾਣਕਾਰੀ ਤੱਕ ਪਹੁੰਚ ਹੋ ਸਕੇ ਅਤੇ ਨਾਲ ਹੀ ਇਹ ਜਨਤਾ ਦੀਆਂ ਸਥਾਨਕ ਸਵੈ-ਸਰਕਾਰੀ ਸੰਸਥਾਵਾਂ ਦੀ ਜਵਾਬਦੇਹੀ ਨੂੰ ਵਧਾਏਗਾ।

3.3.4.1 ਗ੍ਰਾਂਟਾਂ ਜਾਰੀ ਕਰਨ ਵਿੱਚ ਦੇਰੀ

ਐਫ ਐਫ ਸੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ, ਸਿਫਾਰਸ਼ ਕੀਤੀਆਂ ਗ੍ਰਾਂਟਾਂ ਹਰ ਸਾਲ ਜੂਨ ਅਤੇ ਅਕਤੂਬਰ ਵਿੱਚ ਦੋ ਕਿਸ਼ਤਾਂ ਵਿੱਚ ਜਾਰੀ ਕੀਤੀਆਂ ਜਾਣਗੀਆਂ ਤਾਂ ਜੋ ਸਾਲ ਦੌਰਾਨ ਸਥਾਨਕ ਸੰਸਥਾਵਾਂ ਨੂੰ ਸਮੇਂ ਸਿਰ ਵਹਾਅ ਕੀਤਾ ਜਾ ਸਕੇ ਤਾਂ ਜੋ ਉਹ ਕੰਮ ਦੀ ਬਿਹਤਰ ਯੋਜਨਾ ਬਣਾ ਸਕਣ ਅਤੇ ਕੰਮ ਨੂੰ ਬਿਹਤਰ ਢੰਗ ਨਾਲ ਲਾਗੂ ਕਰ ਸਕਣ। ਮੁੱਢਲੀ ਗ੍ਰਾਂਟ ਦਾ 50 *ਪ੍ਰਤੀਸ਼ਤ* ਪਹਿਲੀ ਕਿਸ਼ਤ ਵਜੋਂ ਅਤੇ ਬਾਕੀ 50 *ਪ੍ਰਤੀਸ਼ਤ* ਅਤੇ ਪੂਰੀ ਕਾਰਗੁਜ਼ਾਰੀ ਗ੍ਰਾਂਟ ਦੂਜੀ ਕਿਸ਼ਤ ਵਜੋਂ ਜਾਰੀ ਕੀਤੀ ਜਾਣੀ ਹੈ। ਰਾਜ ਸਰਕਾਰ ਨੂੰ ਕੇਂਦਰ ਸਰਕਾਰ ਦੁਆਰਾ ਨਗਰ ਪਾਲਿਕਾਵਾਂ ਨੂੰ ਉਨ੍ਹਾਂ ਦੇ ਖਾਤੇ ਵਿੱਚ ਜਮ੍ਹਾਂ ਕੀਤੇ ਜਾਣ ਦੇ ਪੰਦਰਾਂ ਦਿਨਾਂ ਦੇ ਅੰਦਰ ਗ੍ਰਾਂਟਾਂ ਜਾਰੀ ਕਰਨ ਦੀ ਲੋੜ ਹੁੰਦੀ ਹੈ। ਦੇਰੀ ਦੀ ਸੂਰਤ ਵਿੱਚ ਰਾਜ ਸਰਕਾਰ ਨੂੰ ਆਪਣੇ ਫੰਡਾਂ ਵਿੱਚੋਂ ਅਦਾ ਕੀਤੇ ਵਿਆਜ ਸਮੇਤ ਕਿਸ਼ਤ ਜਾਰੀ ਕਰਨੀ ਚਾਹੀਦੀ ਹੈ। ਦਿਸ਼ਾ-ਨਿਰਦੇਸ਼ਾਂ ਵਿੱਚ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਗ੍ਰਾਂਟਾਂ ਦੀਆਂ ਦੂਜੀਆਂ ਅਤੇ ਅਗਲੀਆਂ ਕਿਸ਼ਤਾਂ (ਬੁਨਿਆਦੀ ਅਤੇ ਕਾਰਗੁਜ਼ਾਰੀ ਦੋਵੇਂ) ਜਾਰੀ ਕਰਨਾ ਪਿਛਲੀ ਕਿਸ਼ਤ ਲਈ ਵਰਤੋਂ ਸਰਟੀਫਿਕੇਟ (ਯੂ ਸੀ) ਪ੍ਰਾਪਤ ਕਰਨ ਦੀ ਸ਼ਰਤ ਤੇ ਹੋਵੇਗਾ।

2019-20 ਦੀ ਮਿਆਦ ਲਈ ਬੁਨਿਆਦੀ ਗ੍ਰਾਂਟਾਂ ਜਾਰੀ ਕਰਨ ਦੀ ਸਥਿਤੀ **ਸਾਰਣੀ 3.7** ਵਿੱਚ ਦਿੱਤੀ ਗਈ ਹੈ:

ਸਾਰਣੀ 3.7: 2019-20 ਦੌਰਾਨ ਬੁਨਿਆਦੀ ਗ੍ਰਾਂਟਾਂ ਜਾਰੀ ਕਰਨ ਦੀ ਸਥਿਤੀ

(₹ ਕਰੋੜ ਵਿੱਚ)

ਸਾਲ	ਜੀ ਓ ਆਈ ਵੱਲੋਂ ਜਾਰੀ ਕੀਤੀ ਗਈ ਰਾਸ਼ੀ		ਜੀ ਓ ਪੀ ਦੁਆਰਾ ਜਾਰੀ ਕੀਤੀ ਰਾਸ਼ੀ		ਜੀ ਓ ਪੀ ਵੱਲੋਂ ਪਹਿਲੀ ਕਿਸ਼ਤ ਜਾਰੀ ਕਰਨ ਵਿੱਚ ਦੇਰੀ (ਦਿਨਾਂ ਵਿੱਚ)	ਦੇਰੀ ਕਾਰਨ ਜੀ ਓ ਪੀ ਦੁਆਰਾ ਜਾਰੀ ਕੀਤੀ ਗਈ ਵਿਆਜ ਦੀ ਰਾਸ਼ੀ	ਜੀ ਓ ਪੀ ਵੱਲੋਂ ਦੂਜੀ ਕਿਸ਼ਤ ਜਾਰੀ ਕਰਨ ਵਿੱਚ ਦੇਰੀ (ਦਿਨਾਂ ਵਿੱਚ)	ਦੇਰੀ ਕਾਰਨ ਜੀ ਓ ਪੀ ਦੁਆਰਾ ਜਾਰੀ ਕੀਤੀ ਗਈ ਵਿਆਜ ਦੀ ਰਾਸ਼ੀ
	ਪਹਿਲੀ ਕਿਸ਼ਤ (ਜਾਰੀ ਹੋਣ ਤੇ ਮਿਤੀ)	ਦੂਜੀ ਕਿਸ਼ਤ (ਜਾਰੀ ਹੋਣ ਤੇ ਮਿਤੀ)	ਪਹਿਲੀ ਕਿਸ਼ਤ (ਜਾਰੀ ਹੋਣ ਤੇ ਮਿਤੀ)	ਦੂਜੀ ਕਿਸ਼ਤ (ਜਾਰੀ ਹੋਣ ਤੇ ਮਿਤੀ)				
2019-20	290.82 (21.01.2020)	290.82 (06.03.2020)	290.82 (28.01.2020)	290.82 (24.08.2020)[7]	0	0.00	157	5.56

ਸ੍ਰੋਤ: ਵਿਭਾਗੀ ਡਾਟਾ

7 2020-21 ਵਿੱਚ ਜਾਰੀ ਕੀਤੀ ਗਈ ਰਾਸ਼ੀ।

ਸਾਰਣੀ 3.7 ਦਰਸਾਉਂਦੀ ਹੈ ਕਿ ਬੁਨਿਆਦੀ ਗ੍ਰਾਂਟ ਦੀ ਦੂਜੀ ਕਿਸ਼ਤ ਰਾਜ ਸਰਕਾਰ ਵੱਲੋਂ ਸਾਲ 2019-20 ਦੌਰਾਨ 157 ਦਿਨਾਂ ਦੀ ਦੇਰੀ ਨਾਲ ਜਾਰੀ ਕੀਤੀ ਗਈ ਸੀ। ਹਾਲਾਂਕਿ, ਰਾਜ ਸਰਕਾਰ ਨੇ ਬੁਨਿਆਦੀ ਗ੍ਰਾਂਟਾਂ ਜਾਰੀ ਕਰਨ ਵਿੱਚ ਦੇਰੀ ਕਾਰਨ ਵਿਆਜ ਅਦਾ ਕੀਤਾ ਪਰ ਦੇਰੀ ਦੇ ਨਤੀਜੇ ਵਜੋਂ ਨਗਰ ਪਾਲਿਕਾਵਾਂ ਕੋਲ ਇਹ ਫੰਡ ਉਪਲਬਧ ਨਹੀਂ ਹੋਏ, ਬੁਨਿਆਦੀ ਨਾਗਰਿਕ ਸੇਵਾਵਾਂ ਦੀ ਸਥਿਤੀ ਵਿੱਚ ਸੁਧਾਰ ਕਰਨ ਲਈ ਨਗਰ ਪਾਲਿਕਾਵਾਂ ਨੂੰ ਸਹਾਇਤਾ ਪ੍ਰਦਾਨ ਕਰਨ ਦੀ ਵਿੱਤ ਕਮਿਸ਼ਨ ਦੀ ਭਾਵਨਾ ਅਸਫਲ ਹੋਈ।

3.3.4.2 ਪੰਦਰ੍ਹਵੇਂ ਵਿੱਤ ਕਮਿਸ਼ਨ ਅਧੀਨ ਗ੍ਰਾਂਟਾਂ ਜਾਰੀ ਕਰਨਾ

ਯੂ ਐਲ ਬੀ ਗ੍ਰਾਂਟਾਂ ਦੀ ਵੰਡ ਲਈ ਪੰਦਰ੍ਹਵੇਂ ਵਿੱਤ ਕਮਿਸ਼ਨ ਨੇ ਸ਼ਹਿਰੀ ਸਮੂਹਾਂ ਨੂੰ ਦੋ ਸ਼੍ਰੇਣੀਆਂ ਵਿੱਚ ਸ਼੍ਰੇਣੀਬੱਧ ਕੀਤਾ ਹੈ:

(i) ਦਸ ਲੱਖ ਤੋਂ ਵੱਧ ਆਬਾਦੀ ਵਾਲੇ ਸ਼ਹਿਰੀ ਸਮੂਹ (ਐਮ ਪੀ ਸੀ); ਅਤੇ

(ii) ਦਸ ਲੱਖ ਤੋਂ ਘੱਟ ਆਬਾਦੀ ਵਾਲੇ ਸ਼ਹਿਰੀ ਸਮੂਹ (ਐਨ ਐਮ ਪੀ ਸੀ)

ਐਮ ਪੀ ਸੀਜ਼ ਲਈ, ਗ੍ਰਾਂਟ ਪੂਰੀ ਤਰ੍ਹਾਂ ਟਾਈਡ ਹੈ ਅਤੇ ਇਸ ਦੀ ਵਰਤੋਂ ਵਾਤਾਵਰਣ ਦੀ ਹਵਾ ਦੀ ਗੁਣਵੱਤਾ ਅਤੇ ਸ਼ਹਿਰੀ ਪੀਣ ਵਾਲੇ ਪਾਣੀ ਦੀ ਸਪਲਾਈ, ਸੈਨੀਟੇਸ਼ਨ ਅਤੇ ਠੋਸ ਰਹਿੰਦ-ਖੂੰਹਦ ਪ੍ਰਬੰਧਨ ਲਈ ਕੀਤੀ ਜਾਣੀ ਹੈ। ਐਨ ਐਮ ਪੀ ਸੀ ਲਈ ਅਲਾਟ ਕੀਤੀ ਗਈ ਕੁੱਲ ਗ੍ਰਾਂਟ ਨੂੰ 40:60 ਦੇ ਅਨੁਪਾਤ ਵਿੱਚ ਅਣਟਾਈਡ (ਬੇਸਿਕ) ਅਤੇ ਟਾਈਡ ਗ੍ਰਾਂਟਾਂ ਵਿੱਚ ਵੰਡਿਆ ਗਿਆ ਸੀ। ਇਸ ਤੋਂ ਇਲਾਵਾ, ਟਾਈਡ ਗ੍ਰਾਂਟ ਦਾ 50 *ਪ੍ਰਤੀਸ਼ਤ* ਸਵੱਛਤਾ, ਠੋਸ ਰਹਿੰਦ-ਖੂੰਹਦ ਪ੍ਰਬੰਧਨ (ਐਸ ਡਬਲਯੂ ਐਮ), ਅਤੇ ਬਾਕੀ 50 *ਪ੍ਰਤੀਸ਼ਤ* ਪੀਣ ਵਾਲੇ ਪਾਣੀ, ਮੀਂਹ ਦੇ ਪਾਣੀ ਦੀ ਸੰਭਾਲ ਅਤੇ ਪਾਣੀ ਦੀ ਰੀਸਾਈਕਲਿੰਗ ਲਈ ਵਰਤਿਆ ਜਾਣਾ ਹੈ। ਇਸ ਤੋਂ ਇਲਾਵਾ, ਦਸ ਕੰਮਕਾਜੀ ਦਿਨਾਂ ਤੋਂ ਵੱਧ ਦੇਰੀ ਹੋਣ ਦੀ ਸੂਰਤ ਵਿੱਚ, ਰਾਜ ਸਰਕਾਰ ਪਿਛਲੇ ਸਾਲਾਂ ਲਈ ਮਾਰਕੀਟ ਉਧਾਰਾਂ/ਰਾਜ ਵਿਕਾਸ ਕਰਜ਼ਿਆਂ (ਐਸ ਡੀ ਐਲਜ਼) 'ਤੇ ਵਿਆਜ ਦੀ ਪ੍ਰਭਾਵੀ ਦਰ 'ਤੇ ਵਿਆਜ ਸਮੇਤ ਕਿਸ਼ਤ ਜਾਰੀ ਕਰੇਗੀ।

ਸਾਲ 2020-21 ਅਤੇ 2021-22 ਦੌਰਾਨ ਪੰਦਰ੍ਹਵੇਂ ਵਿੱਤ ਕਮਿਸ਼ਨ ਦੀਆਂ ਗ੍ਰਾਂਟਾਂ ਦੀ ਵੰਡ ਅਤੇ ਜਾਰੀ ਕਰਨ ਦੀ ਸਥਿਤੀ **ਸਾਰਣੀ** 3.8 ਵਿੱਚ ਦਿੱਤੀ ਗਈ ਹੈ।

ਸਾਰਣੀ 3.8: 2020-21 ਅਤੇ 2021-22 ਦੀ ਮਿਆਦ ਲਈ ਪੰਦਰ੍ਹਵੇਂ ਵਿੱਤ ਕਮਿਸ਼ਨ ਦੀਆਂ ਗ੍ਰਾਂਟਾਂ ਜਾਰੀ ਕਰਨ ਦੀ ਸਥਿਤੀ

(₹ ਕਰੋੜ ਵਿੱਚ)

ਗ੍ਰਾਂਟ ਦੀ ਕਿਸਮ	ਜੀ ਓ ਆਈ ਵੱਲੋਂ ਜਾਰੀ ਕੀਤੀ ਗਈ ਰਾਸ਼ੀ		ਜੀ ਓ ਪੀ ਦੁਆਰਾ ਜਾਰੀ ਕੀਤੀ ਰਾਸ਼ੀ		ਜੀ ਓ ਪੀ ਵੱਲੋਂ ਪਹਿਲੀ ਕਿਸ਼ਤ ਜਾਰੀ ਕਰਨ ਵਿੱਚ ਦੇਰੀ (ਦਿਨਾਂ ਵਿੱਚ)	ਦੇਰੀ ਕਾਰਨ ਜੀ ਓ ਪੀ ਦੁਆਰਾ ਜਾਰੀ ਕੀਤੀ ਗਈ ਵਿਆਜ ਦੀ ਰਾਸ਼ੀ	ਜੀ ਓ ਪੀ ਵੱਲੋਂ ਦੂਜੀ ਕਿਸ਼ਤ ਜਾਰੀ ਕਰਨ ਵਿੱਚ ਦੇਰੀ (ਦਿਨਾਂ ਵਿੱਚ)	ਦੇਰੀ ਕਾਰਨ ਜੀ ਓ ਪੀ ਦੁਆਰਾ ਜਾਰੀ ਕੀਤੀ ਗਈ ਵਿਆਜ ਦੀ ਰਾਸ਼ੀ
	ਪਹਿਲੀ ਕਿਸ਼ਤ (ਜਾਰੀ ਹੋਣ ਦੇ ਮਿਤੀ)	ਦੂਜੀ ਕਿਸ਼ਤ (ਜਾਰੀ ਹੋਣ ਦੇ ਮਿਤੀ)	ਪਹਿਲੀ ਕਿਸ਼ਤ (ਜਾਰੀ ਹੋਣ ਦੇ ਮਿਤੀ)	ਦੂਜੀ ਕਿਸ਼ਤ (ਜਾਰੀ ਹੋਣ ਦੇ ਮਿਤੀ)				
2020-21								
ਐਨ ਐਮ ਪੀ ਸੀ (ਅਨਟਾਇਡ)	122.00 (19.05.2020)	122.00 (25.02.2021)	122.00 (17.7.2020)	122.00 (10.3.2021)	42	1.03 (17.02.2021)	00	0.00
ਐਨ ਐਮ ਪੀ ਸੀ (ਟਾਈਡ)	122.00 (05.11.2020)	122.00 (22.03.2021)	122.00 (10.02.2021)	122.00 (30.03.2021)	83	2.03 (30.03.2021)	00	0.00
ਐਮ ਪੀ ਸੀ (ਹਵਾ ਦੀ ਗੁਣਵੱਤਾ)	45 (02.11.2020)	45 (31.03.2021)	45.00 (10.12.2020)	45.00 (23.04.2021)[8]	26	0.23 (17.02.2021)	03	0.03 (15.06.2021)
ਐਮ ਪੀ ਸੀ (ਐਸ ਡਬਲਯੂ ਐਮ)	45 (05.11.2020)	45 (27.03.2021)	45.00 (10.02.2021)	45.00 (31.03.2021)	83	0.75 (26.03.2021)	00	0.00
ਜੋੜ	**334**	**334**				**4.04**		**0.03**
2021-22								
ਐਨ ਐਮ ਪੀ ਸੀ (ਅਨਟਾਇਡ)	74.00 (16.06.2021)	74.00 (17.03.2022)	74.00 (02.07.2021)	74.00 (29.03.2022)	01	0.014 (16.09.2021)	-	-
ਐਨ ਐਮ ਪੀ ਸੀ (ਟਾਈਡ)	111.00 (16.09.2021)	111.00 (31.03.2022)	111.00 (29.09.2021)	111.00 (19.04.2022)	0	-	-	-
ਐਮ ਪੀ ਸੀ (ਹਵਾ ਦੀ ਗੁਣਵੱਤਾ)	33.75 (27.03.2022)	-	33.75 (31.03.2022)	-	0	-	ਐਨ ਏ	ਐਨ ਏ
ਐਮ ਪੀ ਸੀ (ਐਸ ਡਬਲਯੂ ਐਮ)	90.00 (31.03.2022)	-	90.00 (02.05.2022)	-	12	0.194 (27.07.2022)	ਐਨ ਏ	ਐਨ ਏ
ਜੋੜ	**308.75**	**185.00**	**308.75**	**185.00**		**0.208**	-	-

ਸ੍ਰੋਤ: ਵਿਭਾਗੀ ਡਾਟਾ

ਸਾਰਣੀ 3.8 ਦਰਸਾਉਂਦੀ ਹੈ ਕਿ 2020-21 ਅਤੇ 2021-22 ਦੌਰਾਨ ਪੰਦਰ੍ਹਵੇਂ ਵਿੱਤ ਕਮਿਸ਼ਨ ਨਾਲ ਸਬੰਧਤ ਗ੍ਰਾਂਟਾਂ ਜਾਰੀ ਕਰਨ ਵਿੱਚ ਇੱਕ ਤੋਂ 83 ਦਿਨਾਂ ਦੀ ਦੇਰੀ ਹੋਈ, ਜਿਸ ਨੇ ਬੁਨਿਆਦੀ ਨਾਗਰਿਕ ਸੇਵਾਵਾਂ ਦੀ ਸਥਿਤੀ ਵਿੱਚ ਸੁਧਾਰ ਕਰਨ ਲਈ ਨਗਰ ਪਾਲਿਕਾਵਾਂ ਨੂੰ ਸਹਾਇਤਾ ਪ੍ਰਦਾਨ ਕਰਨ ਦੀ ਵਿੱਤ ਕਮਿਸ਼ਨ ਦੀ ਭਾਵਨਾ ਅਸਫਲ ਹੋਈ।

8 2021-22 ਵਿੱਚ ਜਾਰੀ ਕੀਤੀ ਗਈ ਰਾਸ਼ੀ।

3.4 ਪ੍ਰਾਇਮਰੀ ਲੇਖਾ ਪਰੀਖਕ ਦੁਆਰਾ ਸ਼ਹਿਰੀ ਸਥਾਨਕ ਸੰਸਥਾਵਾਂ ਦੀ ਲੇਖਾ ਪ੍ਰੀਖਿਆ

ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ, 1976 ਦੀ ਧਾਰਾ 176 (2) ਅਨੁਸਾਰ ਨਿਰੀਖਕ, ਸਥਾਨਕ ਫੰਡ ਲੇਖੇ (ਈ ਐਲ ਐਫ ਏ) ਨੂੰ ਨਗਰ ਨਿਗਮਾਂ ਦੀ ਲੇਖਾ ਪ੍ਰੀਖਿਆ ਕਰਨੀ ਹੁੰਦੀ ਹੈ। ਇਸ ਤੋਂ ਇਲਾਵਾ, ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਦੀ ਲੇਖਾ ਪ੍ਰੀਖਿਆ ਸਾਲਾਨਾ ਜਾਂ ਛਿਮਾਹੀ ਕੀਤੀ ਜਾਣੀ ਚਾਹੀਦੀ ਹੈ, ਜਿਵੇਂ ਕਿ ਸਰਕਾਰ ਨਿਰਦੇਸ਼ ਦੇ ਸਕਦੀ ਹੈ।

ਸਾਲ 2019-22 ਦੌਰਾਨ ਈ ਐਲ ਐਫ ਏ ਦੁਆਰਾ ਕਰਵਾਏ ਗਏ ਨਗਮ ਨਿਗਮਾਂ ਅਤੇ ਨਗਰ ਕੌਂਸਲਾਂ/ਨਗਰ ਪੰਚਾਇਤਾਂ ਦੀ ਲੇਖਾ ਪ੍ਰੀਖਿਆ ਦੀ ਸਥਿਤੀ **ਸਾਰਣੀ 3.9** ਵਿੱਚ ਦਿੱਤੀ ਗਈ ਹੈ।

ਸਾਰਣੀ 3.9: 2019-22 ਦੌਰਾਨ ਈ ਐਲ ਐਫ ਏ ਦੁਆਰਾ ਕੀਤੇ ਗਏ ਲੇਖਾ ਪ੍ਰੀਖਿਆ ਦੀ ਸਥਿਤੀ

ਸਾਲ	ਸੰਸਥਾਂ ਦਾ ਨਾਮ	ਡਾਇਰੈਕਟਰ, ਸਥਾਨਕ ਸਰਕਾਰ ਦੁਆਰਾ ਪ੍ਰਦਾਨ ਕੀਤੀਆਂ ਕੁੱਲ ਇਕਾਈਆਂ ਦੀ ਸੰਖਿਆ	ਈ ਐਲ ਐਫ ਏ, ਪੰਜਾਬ ਦੁਆਰਾ ਪ੍ਰਦਾਨ ਕੀਤੀਆਂ ਕੁੱਲ ਇਕਾਈਆਂ ਦੀ ਸੰਖਿਆ	ਯੋਜਨਾਬੱਧ ਇਕਾਈਆਂ ਦੀ ਸੰਖਿਆ	ਯੋਜਨਾਬੱਧ ਇਕਾਈਆਂ ਦੀ ਪ੍ਰਤੀਸ਼ਤਤਾ	ਲੇਖਾ ਪ੍ਰੀਖਿਆ ਕੀਤੀਆਂ ਇਕਾਈਆਂ ਦੀ ਸੰਖਿਆ	ਲੇਖਾ ਪ੍ਰੀਖਿਆ ਲਈ ਯੋਜਨਾਬੱਧ ਇਕਾਈਆਂ ਅਤੇ ਲੇਖਾ ਪ੍ਰੀਖਿਆ ਕੀਤੀਆਂ ਇਕਾਈਆਂ ਵਿੱਚ ਕਮੀ	ਕਮੀ ਦੀ ਪ੍ਰਤੀਸ਼ਤਤਾ
2019-20	ਨਗਰ ਨਿਗਮ	13	10	10	100.00	10	00	0.00
	ਨਗਰ ਕੌਂਸਲ/ਨਗਰ ਪੰਚਾਇਤਾਂ	154	185	49	26.49	35	14	28.58
	ਜੋੜ	**167**	**195**	**59**		**45**	**14**	
2020-21	ਨਗਰ ਨਿਗਮ	13	10	10	100.00	10	00	0.00
	ਨਗਰ ਕੌਂਸਲ/ਨਗਰ ਪੰਚਾਇਤਾਂ	150	156	30	19.23	21	09	30.00
	ਜੋੜ	**163**	**166**	**40**		**31**	**09**	
2021-22	ਨਗਰ ਨਿਗਮ	13	11	6	54.55	9	-	0.00
	ਨਗਰ ਕੌਂਸਲ/ ਨਗਰ ਪੰਚਾਇਤਾਂ	153	156	14	8.97	8	6	42.85
	ਜੋੜ	**166**	**167**	**20**		**17**	**6**	

ਸ੍ਰੋਤ: ਨਿਰੀਖਕ, ਸਥਾਨਕ ਫੰਡ ਲੇਖੇ, ਪੰਜਾਬ

31 ਮਾਰਚ 2022 ਤੱਕ ਈ ਐਲ ਐਫ ਏ ਦੇ ਲੇਖਾ ਪ੍ਰੀਖਿਆ ਯੂਨੀਵਰਸ ਵਿੱਚ ਸ਼ਾਮਲ ਕਾਰਪੋਰੇਸ਼ਨਾਂ/ਕੌਂਸਲਾਂ ਦੀ ਸੰਖਿਆ ਵਿਭਾਗ ਦੁਆਰਾ ਪ੍ਰਦਾਨ ਕੀਤੇ ਅਨੁਸਾਰ ਸਥਾਨਕ ਸੰਸਥਾਵਾਂ ਦੀ ਪੱਧਰ-ਵਾਰ ਕੁੱਲ ਸੰਖਿਆ ਤੋਂ ਵੱਖਰੀ ਹੈ। ਬੁਨਿਆਦੀ ਅੰਕੜਿਆਂ ਵਿੱਚ ਅੰਤਰ ਈ ਐਲ ਐਫ ਏ ਅਤੇ ਵਿਭਾਗ ਵਿਚਕਾਰ ਤਾਲਮੇਲ ਦੀ ਘਾਟ ਨੂੰ ਦਰਸਾਉਂਦਾ ਹੈ ਅਤੇ ਰਿਕਾਰਡਾਂ ਦੀ ਮਾੜੀ ਸਾਂਭ-ਸੰਭਾਲ ਅਤੇ ਰੱਖ-ਰਖਾਅ ਨੂੰ ਦਰਸਾਉਂਦਾ ਹੈ।

ਈ ਐਲ ਐਫ ਏ ਨੇ ਯੂ ਐਲ ਬੀਜ਼ ਦੇ ਲੇਖਾ ਪ੍ਰੀਖਿਆ ਵਿੱਚ ਕਮੀ ਦਾ ਕਾਰਨ ਪੀ ਆਰ ਆਈਜ਼ ਦੀ ਲੇਖਾ ਪ੍ਰੀਖਿਆ ਲਈ ਸਟਾਫ ਦੀ ਡਾਇਵਰਸ਼ਨ ਨੂੰ ਦੱਸਿਆ। ਈ ਐਲ ਐਫ ਏ ਅਤੇ ਸਥਾਨਕ ਸਰਕਾਰਾਂ ਦੇ ਵਿਭਾਗਾਂ ਦੁਆਰਾ ਪ੍ਰਦਾਨ ਕੀਤੇ ਗਏ ਯੂ ਐਲ ਬੀਜ਼ ਦੀ ਕੁੱਲ ਸੰਖਿਆ ਵਿੱਚ ਅੰਤਰ ਸੀ। ਇਕਾਈਆਂ ਦੀ ਕੁੱਲ ਸੰਖਿਆ ਵਿੱਚ ਅਜਿਹੇ ਅੰਤਰ ਦੇ ਕਾਰਣਾਂ ਦੀ ਉਡੀਕ ਈ ਐਲ ਐਫ ਏ ਤੋਂ ਕੀਤੀ ਜਾ ਰਹੀ ਸੀ (ਦਸੰਬਰ 2023)।

3.5 ਈ ਐਲ ਐਫ ਏ ਅਤੇ ਪੀ ਏ ਜੀ (ਲੇਖਾ ਪ੍ਰੀਖਿਆ) ਦੀਆਂ ਲੇਖਾ ਪ੍ਰੀਖਿਆ ਟਿੱਪਣੀਆਂ ਪ੍ਰਤੀ ਹੁੰਗਾਰੇ ਦੀ ਘਾਟ

ਸਥਾਨਕ ਲੇਖਾ ਪ੍ਰੀਖਿਆ ਵਿਭਾਗ, ਪੰਜਾਬ ਦੇ ਦਫਤਰੀ ਮੈਨੂਅਲ ਦੇ ਪੈਰਾ IV.8 ਅਤੇ ਨੋਟ 4 (iii) ਅਤੇ (iv) ਵਿੱਚ ਈ ਐਲ ਐਫ ਏ ਨੂੰ ਸਰਕਾਰ ਕੋਲ ਇਹ ਮਾਮਲਾ ਉਠਾਉਣ ਦੀ ਵਿਵਸਥਾ ਕਰਦਾ ਹੈ ਜੋ ਪਿਛਲੇ ਇਤਰਾਜਾਂ ਦੇ ਅਸੰਤੋਸ਼ਜਨਕ ਨਤੀਜਿਆਂ ਅਤੇ ਕਾਰਵਾਈ ਨਾ ਕਰਨ ਜਾਂ ਅੰਸ਼ਕ ਕਾਰਵਾਈ ਕਰਦਾ ਹੈ। ਇਹ ਕਮੇਟੀ ਜਿਸ ਵਿੱਚ ਡਿਪਟੀ ਕਮਿਸ਼ਨਰ, ਖੇਤਰੀ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰਾਂ ਅਤੇ ਈ ਐਲ ਐਫ ਏ ਦੇ ਸਥਾਨਕ ਨੁਮਾਇੰਦੇ ਸ਼ਾਮਲ ਹਨ, ਸਾਲ ਵਿੱਚ ਇੱਕ ਵਾਰ ਹਰੇਕ ਸਥਾਨਕ ਸੰਸਥਾ ਦੇ ਵੱਖ ਵੱਖ ਇਤਰਾਜਾਂ ਦੀ ਜਾਂਚ ਅਤੇ ਨਿਪਟਾਰਾ ਕਰੇਗੀ ਅਤੇ ਆਪਣੀ ਰਿਪੋਰਟ ਡਾਇਰੈਕਟਰ, ਸਥਾਨਕ ਸਰਕਾਰਾਂ, ਪੰਜਾਬ ਨੂੰ ਸੌਂਪੇਗੀ।

ਇਸੇ ਤਰ੍ਹਾਂ ਪੰਜਾਬ ਮਿਉਂਸਪਲ ਅਕਾਊਂਟਿੰਗ ਮੈਨੂਅਲ, 2017 ਦੇ ਪੈਰ੍ਹਾ 29.8 (3) ਅਤੇ (4) ਵਿੱਚ ਲੇਖਾ ਪ੍ਰੀਖਿਆ ਇਤਰਾਜ਼ ਵਿਵਰਣੀਆਂ ਅਤੇ ਲੇਖਾ ਪ੍ਰੀਖਿਆ ਨੋਟਾਂ ਦਾ ਤੁਰੰਤ ਨਿਪਟਾਰਾ ਕਰਨ, ਲੇਖਾ ਪ੍ਰੀਖਿਆ ਰਿਪੋਰਟ ਪ੍ਰਾਪਤ ਹੋਣ ਦੇ ਇੱਕ ਮਹੀਨੇ ਦੇ ਅੰਦਰ ਯੂ ਐਲ ਬੀਜ਼ ਦੀ ਵਿਸ਼ੇਸ਼ ਮੀਟਿੰਗ ਬੁਲਾਉਣ ਅਤੇ ਲੇਖਾ ਪ੍ਰੀਖਿਆ ਨੋਟ ਪ੍ਰਾਪਤ ਹੋਣ ਦੇ ਤਿੰਨ ਮਹੀਨਿਆਂ ਦੇ ਅੰਦਰ ਕੀਤੀ ਜਾਣ ਵਾਲੀ ਕਾਰਵਾਈ ਦਾ ਫੈਸਲਾ ਕਰਨ ਦਾ ਪ੍ਰਬੰਧ ਹੈ।

ਯੂ ਐਲ ਬੀਜ਼ ਦੇ ਸਬੰਧ ਵਿੱਚ ਈ ਐਲ ਐਫ ਏ ਅਤੇ ਪ੍ਰਧਾਨ ਮਹਾਂ ਲੇਖਾਕਾਰ (ਪੀ ਏ ਜੀ) (ਲੇਖਾ ਪ੍ਰੀਖਿਆ), ਪੰਜਾਬ ਵੱਲੋਂ 31 ਮਾਰਚ 2022 ਤੱਕ ਜਾਰੀ ਬਕਾਇਆ ਪੈਰ੍ਹਿਆਂ ਦੀ ਸਥਿਤੀ **ਸਾਰਣੀ 3.10** ਵਿੱਚ ਦਿੱਤੀ ਗਈ ਹੈ।

ਸਾਰਣੀ 3.10: ਬਕਾਇਆ ਪੈਰ੍ਹਿਆਂ ਦੀ ਸਥਿਤੀ

ਲੜੀ ਨੰ.	ਕਦੋਂ ਤੋਂ ਬਕਾਇਆ	ਨਗਰ ਨਿਗਮ		ਨਗਰ ਕੌਂਸਲ/ਨਗਰ ਪੰਚਾਇਤਾਂ		ਕੁੱਲ	
		ਈ ਐਲ ਐਫ ਏ	ਪੀ ਏ ਜੀ	ਈ ਐਲ ਐਫ ਏ	ਪੀ ਏ ਜੀ	ਈ ਐਲ ਐਫ ਏ	ਪੀ ਏ ਜੀ
1.	5 ਸਾਲ ਤੱਕ ਪੁਰਾਣੇ	1781	1018	17507	3206	19288	4224
2.	5 ਸਾਲ ਤੋਂ 10 ਸਾਲ ਤੱਕ ਪੁਰਾਣੇ	970	664	10942	600	11912	1264
3.	10 ਸਾਲ ਤੋਂ ਵੱਧ ਪੁਰਾਣੇ	5885	ਨਿੱਲ	37421	ਨਿੱਲ	43306	ਨਿੱਲ
ਜੋੜ		**8636**	**1682**	**65870**	**3806**	**74506**	**5488**

ਸ੍ਰੋਤ: ਈ ਐਲ ਐਫ ਏ ਦੁਆਰਾ ਪ੍ਰਦਾਨ ਕੀਤੀ ਜਾਣਕਾਰੀ ਅਤੇ ਦਫਤਰੀ ਰਿਕਾਰਡ

ਵੱਡੀ ਗਿਣਤੀ ਵਿੱਚ ਪੈਰ੍ਹਿਆਂ ਦੇ ਬਕਾਇਆ ਹੋਣ ਤੋਂ ਪਤਾ ਲੱਗਦਾ ਹੈ ਕਿ ਲੇਖਾ ਪਰੀਖਕ ਭਾਵ ਈ ਐਲ ਐਫ ਏ ਜਾਂ ਪੀ ਏ ਜੀ (ਲੇਖਾ ਪ੍ਰੀਖਿਆ), ਪੰਜਾਬ ਵੱਲੋਂ ਦੱਸੀਆਂ ਗਈਆਂ ਖਾਮੀਆਂ ਨੂੰ ਸੁਧਾਰਨ ਲਈ ਢੁਕਵੇਂ ਯਤਨ ਨਹੀਂ ਕੀਤੇ ਜਾ ਰਹੇ ਸਨ।

ਐਲ ਬੀਜ਼ ਅਤੇ ਪੀ ਆਰ ਆਈਜ਼ ਬਾਰੇ ਕਮੇਟੀ ਨੇ ਪੈਰ੍ਹਾ 3.4.2 ਤੇ ਚਰਚਾ ਕਰਦਿਆਂ 31 ਮਾਰਚ 2016 ਨੂੰ ਸਮਾਪਤ ਹੋਏ ਸਾਲ ਲਈ ਪੀ ਆਰ ਆਈਜ਼ ਅਤੇ ਯੂ ਐਲ ਬੀਜ਼ ਤੇ ਏ ਟੀ ਆਈ ਆਰ ਦੇ ਲੇਖਾ ਪ੍ਰੀਖਿਆ ਟਿੱਪਣੀ ਤੇ ਹੁੰਗਾਰੇ ਦੀ ਘਾਟ ਬਾਰੇ ਵਿਚਾਰ ਵਟਾਂਦਰੇ ਦੌਰਾਨ ਸਿਫਾਰਸ਼ ਕੀਤੀ ਸੀ (ਸਤੰਬਰ 2019) ਕਿ ਸਬੰਧਤ ਅਥਾਰਟੀਆਂ ਦੀ ਇੱਕ ਕਮੇਟੀ ਬਣਾਈ ਜਾ

ਸਕਦੀ ਹੈ ਅਤੇ ਬਕਾਇਆ ਪੈਰ੍ਹਿਆਂ ਦਾ ਨਿਪਟਾਰਾ ਈ ਐਲ ਐਫ ਏ ਅਤੇ ਲੇਖਾ ਪ੍ਰੀਖਿਆ ਵਿਭਾਗ ਨਾਲ ਸਲਾਹ-ਮਸ਼ਵਰਾ ਕਰਕੇ ਕੀਤਾ ਜਾ ਸਕਦਾ ਹੈ। ਪਿਛਲੇ ਏ ਟੀ ਆਈ ਆਰ ਭਾਵ 2016-2019 ਵਿੱਚ ਰਿਪੋਰਟ ਕੀਤੇ ਅੰਕੜਿਆਂ ਨਾਲ ਤੁਲਨਾ ਕਰਨ ਤੇ ਬਕਾਇਆ ਪੈਰ੍ਹਿਆਂ ਦੀ ਸਥਿਤੀ ਵਿੱਚ ਕਾਫੀ ਵਾਧਾ ਵੇਖਿਆ ਗਿਆ ਸੀ, ਜੋ ਦਰਸਾਉਂਦਾ ਹੈ ਕਿ ਕਮੇਟੀ ਦੀ ਸਿਫਾਰਸ਼ ਦੇ ਬਾਵਜੂਦ ਸਥਿਤੀ ਖਰਾਬ ਹੋ ਗਈ ਹੈ।

3.6 ਸਥਾਨਕ ਸੰਸਥਾਵਾਂ ਬਾਰੇ ਕਮੇਟੀ ਦੀਆਂ ਸਿਫਾਰਸ਼ਾਂ ਤੇ ਪੈਰਵੀ ਕਾਰਵਾਈ

ਟੀ ਐਫ ਸੀ ਅਤੇ ਐਫ ਐਫ ਸੀ ਦੀਆ ਸਿਫਾਰਸ਼ਾਂ ਅਨੁਸਾਰ, ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ (ਸੀ ਏ ਜੀ) ਦੀ ਸਾਲਾਨਾ ਤਕਨੀਕੀ ਜਾਂਚ ਰਿਪੋਰਟ (ਏ ਟੀ ਆਈ ਆਰ) ਦੇ ਨਾਲ-ਨਾਲ ਨਿਰੀਖਕ, ਸਥਾਨਕ ਫੰਡ ਲੇਖੇ (ਈ ਐਲ ਐਫ ਏ) ਦੀ ਸਾਲਾਨਾ ਰਿਪੋਰਟ ਰਾਜ ਵਿਧਾਨ ਸਭਾ ਦੇ ਸਾਹਮਣੇ ਰੱਖੀ ਜਾਣੀ ਚਾਹੀਦੀ ਹੈ।

ਸਾਲ 2012-13, 2013-14, 2014-15, 2015-16 ਅਤੇ 2016-19 ਲਈ ਏ ਟੀ ਆਈ ਆਰ ਰਾਜ ਵਿਧਾਨ ਸਭਾ ਦੇ ਸਾਹਮਣੇ ਰੱਖੇ ਗਏ ਸਨ। ਇਨ੍ਹਾਂ ਰਿਪੋਰਟਾਂ ਵਿੱਚ ਦਰਸਾਏ ਗਏ ਲੇਖਾ ਪ੍ਰੀਖਿਆ ਪੈਰ੍ਹਿਆਂ ਬਾਰੇ ਐਲ ਬੀਜ਼ ਅਤੇ ਪੀ ਆਰ ਆਈਜ਼ ਬਾਰੇ ਕਮੇਟੀ ਦੀਆਂ ਵੱਖ-ਵੱਖ ਮੀਟਿੰਗਾਂ ਵਿੱਚ ਵਿਚਾਰ ਵਟਾਂਦਰੇ ਕੀਤੇ ਗਏ ਸਨ। 31 ਮਾਰਚ 2023 ਤੱਕ, 42 ਪੈਰ੍ਹੇ ਬਕਾਇਆ ਸਨ ਜਿਵੇਂ ਕਿ ***ਅੰਤਿਕਾ 3.2*** ਵਿੱਚ ਵੇਰਵਾ ਦਿੱਤਾ ਗਿਆ ਹੈ।

3.7 ਨਿਰੰਤਰ ਅਨਿਯਮਿਤਤਾਵਾਂ

ਇਸ ਤੱਥ ਦੇ ਬਾਵਜੂਦ ਕਿ ਨਿਰੀਖਣ ਰਿਪੋਰਟਾਂ ਅਤੇ ਪਿਛਲੀਆਂ ਏ ਟੀ ਆਈ ਆਰਜ਼ ਰਾਹੀਂ ਵੱਖ-ਵੱਖ ਲੇਖਾ ਪ੍ਰੀਖਿਆ ਟਿੱਪਣੀਆਂ ਵੱਲੋਂ ਇਸ਼ਾਰਾ ਕੀਤਾ ਗਿਆ ਸੀ ਅਤੇ ਐਲ ਬੀਜ਼ ਅਤੇ ਪੀ ਆਰ ਆਈਜ਼ ਬਾਰੇ ਕਮੇਟੀ ਦੁਆਰਾ ਮੀਟਿੰਗਾਂ ਵਿੱਚ ਇਨ੍ਹਾਂ ਤੇ ਵੀ ਵਿਚਾਰ ਕੀਤਾ ਜਾ ਰਿਹਾ ਸੀ/ਚਰਚਾ ਕੀਤੀ ਜਾ ਰਹੀ ਸੀ, ਇਨ੍ਹਾਂ ਵਿੱਚੋਂ ਕੁੱਝ ਅਯਿਮਤਤਾਵਾਂ ਅਜੇ ਵੀ ਜਾਰੀ ਹਨ।

ਹੇਠ ਲਿਖੇ ਮੁੱਦੇ ਪਿਛਲੀਆਂ ਏ ਟੀ ਆਈ ਆਰਜ਼ ਦੇ ਨਾਲ ਨਾਲ ਨਿਰੀਖਣ ਰਿਪੋਰਟਾਂ ਵਿੱਚ ਵਾਰ-ਵਾਰ ਸਾਹਮਣੇ ਆ ਰਹੇ ਸਨ:

(i) ਕਾਰਜਾਂ ਦੀ ਸਪੁਰਦਗੀ।

(ii) ਲੇਖਾ ਪ੍ਰੀਖਿਆ ਟਿੱਪਣੀਆਂ ਪ੍ਰਤੀ ਹੁੰਗਾਰੇ ਦੀ ਘਾਟ।

(iii) ਪੰਜਾਬ ਰਾਜ ਕੈਂਸਰ ਅਤੇ ਨਸ਼ਾ ਮੁਕਤੀ ਇਲਾਜ ਬੁਨਿਆਦੀ ਢਾਂਚਾ ਫੰਡ ਲਈ ਯੋਗਦਾਨ ਜਮ੍ਹਾਂ ਨਾ ਕਰਵਾਉਣਾ।

(iv) ਬਕਾਇਆ ਰੈਵੀਨਿਊ ਪ੍ਰਾਪਤੀਆਂ।

(v) ਖਰਚਿਆਂ ਦੀ ਘੱਟ ਪ੍ਰਾਪਤੀ।

(vi) ਦੁਕਾਨਾਂ ਨੂੰ ਲੀਜ਼ 'ਤੇ ਨਾ ਦੇਣਾ।

(vii) ਲੇਬਰ ਸੈੱਸ ਅਤੇ ਗਊ ਸੈੱਸ ਦੀ ਕਟੌਤੀ ਨਾ ਕਰਨਾ।

ਏ ਟੀ ਆਈ ਆਰ ਵਿੱਚ ਨਿਰੰਤਰ ਅਨਿਯਮਤਤਾਵਾਂ ਨੇ ਲੇਖਾ ਪ੍ਰੀਖਿਆ ਟਿੱਪਣੀਆਂ ਪ੍ਰਤੀ ਸਰਕਾਰ/ਵਿਭਾਗ ਦੀ ਜਵਾਬਦੇਹੀ ਦੀ ਘਾਟ ਨੂੰ ਦਰਸਾਇਆ।

ਅਧਿਆਇ-IV

ਸ਼ਹਿਰੀ ਸਥਾਨਕ ਸੰਸਥਾਵਾਂ ਦੀ ਲੇਖਾ ਪ੍ਰੀਖਿਆ ਦੇ ਨਤੀਜੇ

ਅਧਿਆਇ-IV

ਸ਼ਹਿਰੀ ਸਥਾਨਕ ਸੰਸਥਾਵਾਂ ਦੀ ਲੇਖਾ ਪ੍ਰੀਖਿਆ ਦੇ ਨਤੀਜੇ

4.1 ਯੂਜ਼ਰ ਚਾਰਜਿਜ਼ ਦੀ ਵਸੂਲੀ ਨਾ ਕਰਨਾ

ਪੰਜਾਬ ਮਿਊਂਸਪਲ ਅਕਾਊਂਟਿੰਗ ਮੈਨੂਅਲ, 2017 ਦੇ ਪੈਰ੍ਹਾ 10 (1) ਅਤੇ (2) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਕਰ ਸ਼ਾਖਾ ਇਹ ਯਕੀਨੀ ਬਣਾਏਗੀ ਕਿ ਜਾਇਦਾਦ ਅਤੇ ਹੋਰ ਕਰਾਂ ਲਈ ਮਹੀਨਾਵਾਰ/ਤਿਮਾਹੀ/ਛਿਮਾਹੀ ਆਧਾਰ ਤੇ ਬਿੱਲ/ਮੰਗਾਂ ਉਠਾਈਆਂ ਜਾਣ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਇਹ ਕਰ ਉਸ ਮਹੀਨੇ ਵਿੱਚ ਇਕੱਠੇ ਕੀਤੇ ਜਾਣ ਜਿਸ ਮਹੀਨੇ ਇਹ ਬਕਾਇਆ ਹਨ।

ਸਾਲ 2019-20 ਤੋਂ 2022-23 ਦੇ ਸਮੇਂ ਦੇ ਦੌਰਾਨ ਚੁਣੇ ਗਏ ਯੂ ਐਲ ਬੀਜ਼ ਦੇ ਰਿਕਾਰਡ ਦੀ ਜਾਂਚ ਨੇ ਦਰਸਾਇਆ ਕਿ ਜਲ ਸਪਲਾਈ ਅਤੇ ਸੀਵਰੇਜ ਚਾਰਜਿਜ਼, ਹਾਊਸ ਟੈਕਸ, ਪ੍ਰਾਪਰਟੀ ਟੈਕਸ, ਦੁਕਾਨਾਂ/ਇਮਾਰਤਾਂ ਦਾ ਕਿਰਾਇਆ ਅਤੇ ਮੋਬਾਈਲ ਟਾਵਰ ਚਾਰਜਿਜ਼ ਦੇ ਰੂਪ ਵਿੱਚ ₹ 510.56 ਕਰੋੜ ***(ਅੰਤਿਕਾ 4.1 ੳ ਤੋਂ ਹ)*** ਦੇ ਯੂਜ਼ਰ ਚਾਰਜਿਜ਼ ਵਸੂਲੀ ਲਈ ਬਕਾਇਆ ਸਨ। ਬਕਾਇਆ ਚਾਰਜ਼ਿਜ ਦੇ ਵੇਰਵੇ **ਸਾਰਣੀ 4.1** ਵਿੱਚ ਦਿੱਤੇ ਗਏ ਹਨ: ***(ਅੰਤਿਕਾ 4.1 ੳ ਤੋਂ ਹ)***।

ਸਾਰਣੀ 4.1: ਯੂਜ਼ਰ ਚਾਰਜਿਜ਼ ਦੀ ਵਸੂਲੀ ਦੀ ਸਥਿਤੀ

ਲੜੀ ਨੰ.	ਪੈਰ੍ਹਾ 4.1 (ੳ-ਕ)	2019-20		2020-21		2021-22		2022-23		2019-23	
	ਬਕਾਇਆ ਚਾਰਜਿਜ਼ ਦੀ ਕਿਸਮ	ਕੁੱਲ ਇਕਾਈਆਂ	ਰਾਸ਼ੀ ਲੱਖ ਵਿੱਚ	ਕੁੱਲ ਇਕਾਈਆਂ	ਰਾਸ਼ੀ ਲੱਖ ਵਿੱਚ	ਕੁੱਲ ਇਕਾਈਆਂ	ਰਾਸ਼ੀ ਲੱਖ ਵਿੱਚ	ਕੁੱਲ ਇਕਾਈਆਂ	ਰਾਸ਼ੀ ਲੱਖ ਵਿੱਚ	ਕੁੱਲ ਇਕਾਈਆਂ	ਰਾਸ਼ੀ ਲੱਖ ਵਿੱਚ
1	ਜਲ ਸਪਲਾਈ ਅਤੇ ਸੀਵਰੇਜ ਚਾਰਜਿਜ਼ (ਅੰਤਿਕਾ 4.1 ੳ)	17	1,118.97	7	443.68	8	941.62	15	10,741.04	47	13,245.31
2	ਹਾਊਸ ਟੈਕਸ (ਅੰਤਿਕਾ 4.1 ਅ)	16	424.53	8	197.61	5	606.27	18	12,968.06	47	14196.47
3	ਪ੍ਰਾਪਰਟੀ ਟੈਕਸ (ਅੰਤਿਕਾ 4.1 ੲ)	29	556.7	10	301.23	7	488.67	66	15,946.77	112	17,293.37
4	ਦੁਕਾਨਾਂ/ਇਮਾਰਤਾਂ ਦਾ ਕਿਰਾਇਆ (ਅੰਤਿਕਾ 4.1 ਸ)	24	405.66	13	198.09	8	766.49	50	3,466.10	95	4,836.34
5	ਮੋਬਾਇਲ ਟਾਵਰ (ਅੰਤਿਕਾ 4.1 ਹ)	29	94.05	14	59.33	09	206.20	44	1,125.27	96	1,484.85
ਜੋੜ										**397**	**51,056.34**

ਸ੍ਰੋਤ: ਵਿਭਾਗੀ ਡਾਟਾ

ਯੂ ਐਲ ਬੀਜ਼ ਦੁਆਰਾ ਯੂਜ਼ਰ ਚਾਰਜਿਜ਼ ਦੀ ਵਸੂਲੀ ਨਾ ਕਰਨਾ ਉਨ੍ਹਾਂ ਦੀ ਵਿੱਤੀ ਸਥਿਤੀ ਲਈ ਹਾਨੀਕਾਰਕ ਹੈ ਅਤੇ ਵਸਨੀਕਾਂ ਨੂੰ ਸ਼ਹਿਰੀ ਸੁਵਿਧਾਵਾਂ ਅਤੇ ਸਹੂਲਤਾਂ ਦੀ ਵਿਵਸਥਾ ਜਿਵੇਂ ਕਿ ਪਾਰਕ, ਬਾਗ, ਖੇਡ ਦੇ ਮੈਦਾਨ; ਅਤੇ ਸਟਰੀਟ ਲਾਈਟਿੰਗ, ਪਾਰਕਿੰਗ ਲਾਟਜ਼, ਬੱਸ ਅੱਡੇ ਅਤੇ ਜਨਤਕ ਸੁਵਿਧਾਵਾਂ ਆਦਿ ਸਮੇਤ ਜਨਤਕ ਸਹੂਲਤਾਂ ਪ੍ਰਦਾਨ ਕਰਨ ਵਿੱਚ ਰੁਕਾਵਟਾਂ ਪੈਦਾ ਕਰਦਾ ਹੈ।

ਸਬੰਧਤ ਯੂ ਐਲ ਬੀਜ਼ ਨੇ ਕਿਹਾ (ਮਈ 2019 ਤੋਂ ਮਾਰਚ 2023) ਕਿ ਬਕਾਇਆ ਰਾਸ਼ੀ ਦੀ ਵਸੂਲੀ ਲਈ ਯਤਨ ਕੀਤੇ ਜਾ ਰਹੇ ਸਨ।

4.2 ਬਿਜਲੀ ਦੀ ਖਪਤ, ਵਰਤੋਂ ਜਾਂ ਵਿਕਰੀ ਤੇ ਨਗਰਪਾਲਿਕਾ ਕਰ ਦੀ ਵਸੂਲੀ ਨਾ ਕਰਨਾ

ਪੰਜਾਬ ਸਰਕਾਰ ਦੇ ਸਥਾਨਕ ਸਰਕਾਰ ਵਿਭਾਗ ਨੇ ਪੰਜਾਬ ਮਿਉਂਸਪਲ ਐਕਟ, 1911 ਦੀ ਧਾਰਾ 61 (2) ਅਤੇ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ, 1976 ਦੀ ਧਾਰਾ 90 (4) ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦਿਆਂ ਕ੍ਰਮਵਾਰ ਮਿਤੀ 16 ਅਕਤੂਬਰ 2017 ਅਤੇ 22 ਨਵੰਬਰ 2017 ਨੂੰ ਨੋਟੀਫਿਕੇਸ਼ਨ ਰਾਹੀਂ ਸਾਰੀਆਂ ਨਗਰ ਨਿਗਮ, ਨਗਰ ਕੌਂਸਲਾਂ, ਨਗਰ ਪੰਚਾਇਤਾਂ ਨੂੰ ਨਵੰਬਰ 2017 ਤੋਂ ਪੰਜਾਬ ਰਾਜ ਵਿੱਚ ਨਗਰਪਾਲਿਕਾਂ ਹੱਦਾਂ ਦੇ ਅੰਦਰ ਬਿਜਲੀ ਦੀ ਖਪਤ, ਵਰਤੋਂ ਜਾਂ ਵਿਕਰੀ ਤੇ ਨਗਰਪਾਲਿਕਾ ਕਰ ਦੋ *ਪ੍ਰਤੀਸ਼ਤ* ਦੀ ਦਰ ਤੇ ਵਸੂਲਣ ਦੇ ਨਿਰਦੇਸ਼ ਦਿੱਤੇ ਸਨ।

